29-MAR-PAGE-1.qxd 3/28/2024 10:43 PM Page 1

ਸ਼ੁੱਕਰਵਾਰ, 29 ਮਾਰਚ, 2024
16 ਚੇਤ { ਨਾਨਕਸ਼ਾਹੀ 556 / ਬਿਕਰਮੀ 2080
ਜਿਲਦ/VOL. : 72
ਅੰਕ/NO. : 298

ਨਵਾਂ ਜ਼ਮਾਨਾ

DAILY NAWAN ZAMANA • FRIDAY, 29 MARCH, 2024

ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

ਸੀ ਪੀ ਆਈ ਵੱਲੋਂ ਪੰਜਾਬ 'ਚ ਤਿੰਨ ਲੋਕ ਸਭਾ ਸੀਟਾਂ ਲੜਨ ਦਾ ਫੈਸਲਾ

ਜਲੰਧਰ : ਸੀ ਪੀ ਆਈ ਪੰਜਾਬ ਦੀ ਦੋ ਰੋਜ਼ਾ ਸਕੱਤਰੇਤ, ਕਾਰਜਕਾਰਨੀ ਤੇ ਸੂਬਾ ਕੌਂਸਲ ਦੀ ਚੰਡੀਗੜ੍ਹ 'ਚ ਮੀਟਿੰਗ ਨਿਰਮਲ ਸਿੰਘ ਧਾਲੀਵਾਲ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸੂਬਾ ਸਕੱਤਰ ਬੰਤ ਸਿੰਘ ਬਰਾੜ ਤੋਂ ਇਲਾਵਾ ਸਕੱਤਰੇਤ ਮੈਂਬਰ ਹਰਦੇਵ ਸਿੰਘ ਅਰਸ਼ੀ, ਜਗਰੂਪ, ਪ੍ਰਿਥੀਪਾਲ ਸਿੰਘ ਮਾੜੀਮੇਘਾ, ਅਮਰਜੀਤ ਸਿੰਘ ਆਸਲ, ਬਲਦੇਵ ਸਿੰਘ ਨਿਹਾਲਗੜ੍ਹ, ਨਰਿੰਦਰ ਕੌਰ ਸੋਹਲ, ਦੇਵੀ ਕੁਮਾਰੀ ਤੇ ਕਸ਼ਮੀਰ ਸਿੰਘ ਗਦਾਈਆ ਹਾਜ਼ਰ ਸਨ। ਮੀਟਿੰਗ ਨੇ ਫੈਸਲਾ ਕੀਤਾ ਕਿ ਪਾਰਟੀ ਭਾਜਪਾ ਦੀ ਫਿਰਕੂ ਤੇ ਦੇਸ਼ ਨੂੰ ਵੰਡਣ ਵਾਲੀ ਨੀਤੀ ਨੂੰ ਹਰਾਉਣ ਅਤੇ ਹਰੇਕ ਮਨੁੱਖ ਲਈ ਰੁਜ਼ਗਾਰ, ਮੁਫ਼ਤ ਵਿਦਿਆ, ਸਿਹਤ, ਘਰ, ਕਿਸਾਨਾਂ ਦੇ ਕਰਜ਼ੇ ਮੁਆਫ਼, ਐੱਮ ਐੱਸ ਪੀ ਪੂਰਨ ਰੂਪ ਵਿੱਚ ਲਾਗੂ ਕਰਨ, ਦਲਿਤਾਂ ਤੇ ਔਰਤਾਂ 'ਤੇ ਹਮਲੇ, ਜਿਵੇਂ ਬਿਲਕਿਸ ਬਾਨੋ ਅਤੇ ਮਨੀਪੁਰ 'ਚ ਜੋ ਵਾਪਰਿਆ ਹੈ, ਆਦਿ ਮੁੱਦਿਆਂ ਨੂੰ ਲੈ ਚੋਣ ਮੈਦਾਨ ਵਿੱਚ ਨਿਤਰੇਗੀ। ਸੀ ਪੀ ਆਈ ਲੋਕਾਂ ਨੂੰ ਅਪੀਲ ਕਰਦੀ ਹੈ ਕਿ ਉਹ ਚੋਣਾਂ 'ਚ ਸੀ ਪੀ ਆਈ ਦਾ ਸਾਥ ਦੇਣ। ਭਾਜਪਾ ਤੇ ਆਰ ਐੱਸ ਐੱਸ ਨੇ ਪਹਿਲਾਂ ਦੇਸ਼ ਵਿੱਚ ਗਰੀਬੀ, ਬੇਰੁਜ਼ਗਾਰੀ ਤੇ ਭੁੱਖਮਰੀ ਫੈਲਾਈ ਤੇ ਫਿਰ ਇਨ੍ਹਾਂ ਅਲਾਮਤਾਂ ਦਾ ਫਾਇਦਾ ਲੈ

● ਬਾਕੀ ਸਫ਼ਾ 2 'ਤੇ

ਨਾਨਕਮੱਤਾ 'ਚ ਕਾਰ ਸੇਵਾ ਪ੍ਰਧਾਨ ਦੀ ਹੱਤਿਆ

ਊਧਮ ਸਿੰਘ ਨਗਰ (ਉੱਤਰਾਖੰਡ) : ਵੀਰਵਾਰ ਸਵੇਰੇ ਮੋਟਰਸਾਈਕਲ ਸਵਾਰ ਦੋ ਵਿਅਕਤੀਆਂ ਨੇ ਗੋਲੀ ਮਾਰ ਕੇ ਨਾਨਕਮੱਤਾ ਗੁਰਦੁਆਰਾ ਕਾਰ ਸੇਵਾ ਪ੍ਰਧਾਨ ਬਾਬਾ ਤਰਸੇਮ ਸਿੰਘ ਦੀ ਹੱਤਿਆ ਕਰ ਦਿੱਤੀ। ਉੱਤਰਾਖੰਡ ਪੁਲਸ ਹੈੱਡਕੁਆਰਟਰ ਨੇ ਕਾਤਲਾਂ ਨੂੰ ਫੜਨ ਲਈ ਵਿਸ਼ੇਸ਼ ਟਾਸਕ ਫੋਰਸ ਅਤੇ ਵਿਸ਼ੇਸ਼ ਜਾਂਚ ਟੀਮ (ਸਿੱਟ) ਬਣਾਈ ਹੈ। ਸ਼ਾਂਤੀ ਬਣਾਈ ਰੱਖਣ ਲਈ ਊਧਮ ਸਿੰਘ ਨਗਰ ਜ਼ਿਲ੍ਹੇ ਦੇ ਨਾਨਕਮੱਤਾ ਇਲਾਕੇ 'ਚ ਵਾਧੂ ਪੁਲਸ ਫੋਰਸ ਤਾਇਨਾਤ ਕੀਤੀ ਗਈ ਹੈ ਅਤੇ ਪੁਲਸ ਨੇ ਸਿੱਖਾਂ ਨੂੰ ਸ਼ਾਂਤੀ ਦੀ ਅਪੀਲ ਕੀਤੀ ਹੈ।

ਪੁਲਸ ਮੁਤਾਬਕ ਬਾਬਾ ਤਰਸੇਮ ਸਿੰਘ ਨੂੰ ਗੋਲੀ ਲੱਗਣ ਤੋਂ ਬਾਅਦ ਖਟੀਮਾ ਦੇ ਹਸਪਤਾਲ ਲਿਜਾਇਆ ਗਿਆ, ਪਰ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ। ਉੱਤਰਾਖੰਡ ਪੁਲਸ ਦੇ ਮੁਖੀ ਅਭਿਨਵ ਕੁਮਾਰ ਨੇ ਦੱਸਿਆ- ਸਾਨੂੰ ਸਵੇਰੇ 7 ਵਜੇ ਦੇ ਕਰੀਬ ਸੂਚਨਾ ਮਿਲੀ ਕਿ ਸਵੇਰੇ 6.15-6.30 ਦਰਮਿਆਨ ਦੋ ਨਕਾਬਪੋਸ਼ ਹਮਲਾਵਰ ਨਾਨਕਮੱਤਾ ਗੁਰਦੁਆਰੇ 'ਚ ਦਾਖਲ ਹੋਏ ਅਤੇ ਕਾਰ ਸੇਵਾ ਮੁਖੀ ਬਾਬਾ ਤਰਸੇਮ ਸਿੰਘ ਨੂੰ ਗੋਲੀ ਮਾਰ ਦਿੱਤੀ।

ਸੂਤਰਾਂ ਮੁਤਾਬਕ ਬਾਬਾ ਤਰਸੇਮ ਸਿੰਘ ਉਪਰ ਗੋਲੀਆਂ ਚਲਾਉਣ ਵਾਲਿਆਂ ਦਾ ਸੰਬੰਧ ਪੰਜਾਬ ਨਾਲ ਹੈ। ਇਹ ਕਤਲ ਕਾਰ ਸੇਵਾ ਜਾਂ ਧਾਰਮਿਕ ਸਥਾਨਾਂ ਨਾਲ ਜੁੜੇ ਵਿਵਾਦਾਂ ਕਾਰਨ ਕੀਤੇ ਜਾਣ ਦਾ ਸ਼ੱਕ ਹੈ।

ਮਾਨ ਜੋੜੇ ਦੇ ਘਰ ਧੀ ਜਨਮੀ

ਮੋਹਾਲੀ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਪਤਨੀ ਡਾ. ਗੁਰਪ੍ਰੀਤ ਕੌਰ ਨੇ ਵੀਰਵਾਰ ਇੱਥੇ ਫੋਰਟਿਸ ਹਸਪਤਾਲ 'ਚ ਧੀ ਨੂੰ ਜਨਮ ਦਿੱਤਾ। ਮਾਨ ਸਾਰੀ ਰਾਤ ਹਸਪਤਾਲ 'ਚ ਰਹੇ। ਮੁੱਖ ਮੰਤਰੀ ਨੇ ਧੀ ਪੈਦਾ ਹੋਣ ਦੀ ਖੁਦ ਜਾਣਕਾਰੀ ਦਿੰਦਿਆਂ ਕਿਹਾ-ਵਾਹਿਗੁਰੂ ਜੀ ਨੇ ਬੇਟੀ ਦੀ ਦਾਤ ਬਖਸ਼ੀ ਹੈ, ਜੱਚਾ-ਬੱਚਾ ਦੋਵੇਂ ਤੰਦਰੁਸਤ ਨੇ।

ਅਗਨੀਵੀਰ ਯੋਜਨਾ ਬਦਲੀ ਵੀ ਜਾ ਸਕਦੀ : ਰਾਜਨਾਥ

ਨਵੀਂ ਦਿੱਲੀ : ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਵੀਰਵਾਰ ਕਿਹਾ ਕਿ ਜੇ ਲੋੜ ਪਈ ਤਾਂ ਉਨ੍ਹਾਂ ਦੀ ਸਰਕਾਰ ਅਗਨੀਵੀਰ ਭਰਤੀ ਯੋਜਨਾ ਬਦਲਣ ਲਈ ਤਿਆਰ ਹੈ। ਇੱਥੇ ਸਮਾਗਮ 'ਚ ਉਨ੍ਹਾ ਇਹ ਵੀ ਕਿਹਾ ਕਿ ਸਰਕਾਰ ਨੇ ਇਹ ਯਕੀਨੀ ਬਣਾਇਆ ਹੈ ਕਿ ਅਗਨੀਵੀਰਾਂ ਦਾ ਭਵਿੱਖ ਸੁਰੱਖਿਅਤ ਰਹੇ। ਲੋੜ ਪੈਣ 'ਤੇ ਬਦਲਾਅ ਵੀ ਕੀਤਾ ਜਾਵੇਗਾ।

ਗੋਵਿੰਦਾ ਸ਼ਿਵ ਸੈਨਾ 'ਚ

ਮੁੰਬਈ : ਫਿਲਮੀ ਹੀਰੋ ਗੋਵਿੰਦਾ ਵੀਰਵਾਰ ਮੁੱਖ ਮੰਤਰੀ ਏਕਨਾਥ ਸ਼ਿੰਦੇ ਦੀ ਮੌਜੂਦਗੀ 'ਚ ਸ਼ਿਵ ਸੈਨਾ 'ਚ ਸ਼ਾਮਲ ਹੋ ਗਿਆ। ਉ ਸਨੂੰ ਮੁੰਬਈ ਉੱਤਰ ਤੋਂ ਲੋਕ ਸਭਾ ਚੋਣਾਂ ਲਈ ਉਮੀਦਵਾਰ ਬਣਾਇਆ ਜਾ ਸਕਦਾ ਹੈ। ਗੋਵਿੰਦਾ ਨੇ 2004 ਵਿਚ ਇਸ ਹਲਕੇ ਤੋਂ ਕਾਂਗਰਸ ਉਮੀਦਵਾਰ ਵਜੋਂ ਭਾਜਪਾ ਦੇ ਕੇਂਦਰੀ ਮੰਤਰੀ ਰਾਮ ਨਾਈਕ ਨੂੰ ਹਰਾਇਆ ਸੀ। 2009 ਵਿਚ ਚੋਣ ਨਹੀਂ ਲੜੀ ਅਤੇ ਕਾਂਗਰਸ ਤੇ ਸਿਆਸਤ ਨਾਲੋਂ ਨਾਤਾ ਤੋੜ ਲਿਆ ਸੀ। ਨਵੀਂ ਪਾਰਟੀ ਵਿਚ ਸ਼ਾਮਲ ਹੋਣ ਤੋਂ ਬਾਅਦ 60 ਸਾਲਾ ਗੋਵਿੰਦਾ ਨੇ ਕਿਹਾ—ਮੈਂ 14 ਸਾਲ ਦੇ ਬਨਵਾਸ ਤੋਂ ਬਾਅਦ ਸਿਆਸਤ ਵਿਚ ਪਰਤ ਆਇਆ ਹਾਂ।

ਪ੍ਰਫੁਲ ਪਟੇਲ ਖਿਲਾਫ ਸੀ ਬੀ ਆਈ ਕੇਸ ਬੰਦ

ਨਵੀਂ ਦਿੱਲੀ : ਸੀ ਬੀ ਆਈ ਨੇ ਲੋਕ ਸਭਾ ਚੋਣਾਂ ਤੋਂ ਪਹਿਲਾਂ ਐੱਨ ਸੀ ਪੀ (ਅਜੀਤ ਪਵਾਰ ਗਰੁੱਪ) ਦੇ ਸੀਨੀਅਰ ਆਗੂ ਪ੍ਰਫੁਲ ਪਟੇਲ ਖਿਲਾਫ 2017 ਦਾ ਕੁਰੱਪਸ਼ਨ ਕੇਸ ਬੰਦ ਕਰ ਦਿੱਤਾ ਹੈ। ਉਸ ਦੀ ਪਾਰਟੀ ਭਾਜਪਾ ਤੇ ਸ਼ਿਵ ਸੈਨਾ (ਸ਼ਿੰਦੇ) ਨਾਲ ਮਿਲ ਕੇ ਮਹਾਰਾਸ਼ਟਰ ਵਿਚ ਸਰਕਾਰ ਚਲਾ ਰਹੀ ਹੈ। ਏਅਰ ਇੰਡੀਆ ਲਈ ਜਹਾਜ਼ ਲੈਣ ਵਿਚ ਬੇਨੇਮੀਆਂ ਦੇ ਦੋਸ਼ਾਂ ਦੀ ਜਾਂਚ ਲਈ ਸੁਪਰੀਮ ਕੋਰਟ ਦੇ ਹੁਕਮ 'ਤੇ ਸੀ ਬੀ ਆਈ ਨੇ ਪਟੇਲ ਖਿਲਾਫ ਕੇਸ ਦਰਜ ਕੀਤਾ ਸੀ। ਸ਼ਹਿਰੀ ਹਵਾਬਾਜ਼ੀ ਮੰਤਰਾਲੇ ਦੇ ਕਈ ਅਧਿਕਾਰੀਆਂ ਦੀ ਜਾਂਚ ਹੋਈ ਸੀ। ਸੱਤ ਸਾਲਾਂ ਬਾਅਦ ਸੀ ਬੀ ਆਈ ਨੇ ਸਾਬਕਾ ਕੇਂਦਰੀ ਹਵਾਬਾਜ਼ੀ ਮੰਤਰੀ ਪਟੇਲ, ਸ਼ਹਿਰੀ ਹਵਾਬਾਜ਼ੀ ਮੰਤਰਾਲੇ ਤੇ ਏਅਰ ਇੰਡੀਆ ਦੇ ਅਧਿਕਾਰੀਆਂ ਨੂੰ ਕਲੀਨ ਚਿੱਟ ਦੇ ਦਿੱਤੀ ਹੈ।

ਬੈਂਕ ਖਾਤੇ ਫ੍ਰੀਜ਼ ਹੋਣ ਨਾਲ ਕਾਂਗਰਸ ਨੂੰ ਪ੍ਰਚਾਰ ਕਰਨਾ ਔਖਾ ਹੋਵੇਗਾ : ਅਮਰੀਕਾ

ਵਾਸ਼ਿੰਗਟਨ : ਅਮਰੀਕਾ ਨੇ ਕਿਹਾ ਹੈ ਕਿ ਉਹ ਅਰਵਿੰਦ ਕੇਜਰੀਵਾਲ ਦੇ ਮੁੱਦੇ 'ਤੇ ਤਾਂ ਨਜ਼ਰ ਰੱਖ ਹੀ ਰਿਹਾ ਹੈ, ਉਹ ਕਾਂਗਰਸ ਦੇ ਬੈਂਕ ਖਾਤੇ ਫ੍ਰੀਜ਼ ਕਰਨ ਤੋਂ ਵੀ ਜਾਣੂੰ ਹੈ। ਭਾਰਤ ਵਿਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਉਸ ਦੀ ਸਾਰੇ ਮੁੱਦਿਆਂ 'ਤੇ ਬਰਾਬਰ ਨਜ਼ਰ ਹੈ। ਅਮਰੀਕੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਮੈਥਿਊ ਮਿਲਰ ਨੇ ਪ੍ਰੈੱਸ ਕਾਨਫਰੰਸ ਵਿਚ ਕਿਹਾ—ਅਸੀਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫਤਾਰੀ ਸਮੇਤ ਹੋਰਨਾਂ ਕਾਰਵਾਈਆਂ 'ਤੇ ਬਰੀਕ ਨਜ਼ਰ ਰੱਖਣੀ ਜਾਰੀ ਰੱਖਾਂਗੇ। ਅਸੀਂ ਕਾਂਗਰਸ ਦੇ ਫ੍ਰੀਜ਼ ਹੋ ਚੁੱਕੇ ਬੈਂਕ ਖਾਤਿਆਂ ਤੋਂ ਵੀ ਜਾਣੂੰ ਹਾਂ। ਖਾਤੇ ਫ੍ਰੀਜ਼ ਕਰਨ ਨਾਲ ਚੋਣਾਂ ਵਿਚ ਕਾਂਗਰਸ ਲਈ ਪ੍ਰਭਾਵੀ ਢੰਗ ਨਾਲ ਪ੍ਰਚਾਰ ਕਰਨਾ ਚੁਣੌਤੀਪੂਰਨ ਹੋ ਜਾਵੇਗਾ। ਅਸੀਂ ਇਸ ਤਰ੍ਹਾਂ ਦੇ ਹਰੇਕ ਮੁੱਦੇ ਲਈ ਨਿਰਪੱਖ, ਪਾਰਦਰਸ਼ੀ ਤੇ ਕਾਨੂੰਨੀ ਪ੍ਰਕਿਰਿਆਵਾਂ ਦੀ ਉਮੀਦ ਕਰਦੇ ਹਾਂ। ਅਸੀਂ ਸਰਵਜਨਕ ਤੌਰ 'ਤੇ ਪਹਿਲਾਂ ਵੀ ਜੋ ਕਿਹਾ ਹੈ, ਹੁਣ ਵੀ ਮੈਂ ਉਹੀ ਕਹਿ ਰਿਹਾ ਹਾਂ। ਸਾਨੂੰ ਨਹੀਂ ਲੱਗਦਾ ਕਿ ਕਿਸੇ ਨੂੰ ਵੀ ਇਸ 'ਤੇ ਇਤਰਾਜ਼ ਹੋਣਾ ਚਾਹੀਦਾ ਹੈ।

ਭਾਰਤ ਦੀ ਸਭ ਤੋਂ ਅਮੀਰ ਮਹਿਲਾ ਭਾਜਪਾ 'ਚ ਸ਼ਾਮਲ

ਹਿਸਾਰ : ਹਰਿਆਣਾ ਦੀ ਸਾਬਕਾ ਮੰਤਰੀ ਸਾਵਿਤਰੀ ਜਿੰਦਲ (84) ਕਾਂਗਰਸ ਛੱਡ ਕੇ ਵੀਰਵਾਰ ਭਾਜਪਾ 'ਚ ਸ਼ਾਮਲ ਹੋ ਗਈ। ਉਸ ਨੂੰ ਇੱਥੇ ਇਕ ਸਮਾਗਮ ਵਿਚ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਤੇ ਸਾਬਕਾ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਪਾਰਟੀ ਵਿਚ ਸ਼ਾਮਲ ਕਰਾਇਆ। ਕੁਝ ਦਿਨ ਪਹਿਲਾਂ ਉਸ ਦਾ ਪੁੱਤਰ ਅਤੇ ਉਦਯੋਗਪਤੀ ਨਵੀਨ ਜਿੰਦਲ ਕਾਂਗਰਸ ਛੱਡ ਕੇ ਭਾਰਤੀ ਜਨਤਾ ਪਾਰਟੀ 'ਚ ਸ਼ਾਮਲ ਹੋ ਗਿਆ ਸੀ ਤੇ ਭਾਜਪਾ ਨੇ ਉਸ ਨੂੰ ਕੁਰੂਕਸ਼ੇਤਰ ਤੋਂ ਲੋਕ ਸਭਾ ਲਈ ਉਮੀਦਵਾਰ ਬਣਾਇਆ ਹੈ। ਅਮੀਰਾਂ ਬਾਰੇ ਇਸ ਸਾਲ ਦੇ ਸ਼ੁਰੂ ਵਿਚ ਆਈ ਫੋਰਬਸ ਲਿਸਟ ਮੁਤਾਬਕ ਸਾਵਿਤਰੀ ਭਾਰਤ ਦੀ ਸਭ ਤੋਂ ਅਮੀਰ ਮਹਿਲਾ ਹੈ। ਮਰਹੂਮ ਉਦਯੋਗਪਤੀ ਤੇ ਸਾਬਕਾ ਮੰਤਰੀ ਓ ਪੀ ਜਿੰਦਲ ਦੀ ਪਤਨੀ ਸਾਵਿਤਰੀ ਦੀ ਦੌਲਤ 29.1 ਅਰਬ ਡਾਲਰ ਹੈ। ਸਾਵਿਤਰੀ ਹਿਸਾਰ ਤੋਂ 10 ਸਾਲ ਵਿਧਾਇਕ ਰਹੀ ਤੇ ਭੁਪਿੰਦਰ ਸਿੰਘ ਹੁੱਡਾ ਦੀ ਸਰਕਾਰ ਦੌਰਾਨ ਮੰਤਰੀ ਵੀ ਬਣੀ। 2014 ਵਿਚ ਉਹ ਹਿਸਾਰ ਤੋਂ ਭਾਜਪਾ ਦੇ ਡਾ. ਕਮਲ ਗੁਪਤਾ ਤੋਂ ਹਾਰ ਗਈ ਸੀ। ਡਾ. ਗੁਪਤਾ ਇਸ ਵੇਲੇ ਸੈਣੀ ਸਰਕਾਰ ਵਿਚ ਮੰਤਰੀ ਹੈ।

ਨਵੀਨ ਜਿੰਦਲ ਦੀ ਕੰਪਨੀ ਜਿੰਦਲ ਸਟੀਲ ਐਂਡ ਪਾਵਰ ਲਿਮਟਿਡ ਨੂੰ ਝਾਰਖੰਡ ਵਿਚ ਕੋਲਾ ਬਲਾਕ ਅਲਾਟ ਕਰਨ ਵਿਚ ਬੇਨੇਮੀਆਂ ਦੀ ਸੀ ਬੀ ਆਈ ਜਾਂਚ ਕਰ ਰਹੀ ਹੈ। ਈ ਡੀ ਮਨੀ ਲਾਂਡਰਿੰਗ ਦੇ ਦੋਸਾਂ ਦੀ ਜਾਂਚ ਕਰ ਰਹੀ ਹੈ। ਅਪ੍ਰੈਲ 2022 ਵਿਚ ਈ ਡੀ ਨੇ ਜਿੰਦਲ ਦੇ ਟਿਕਾਣਿਆਂ 'ਤੇ ਛਾਪੇ ਵੀ ਮਾਰੇ ਸਨ।

ਕੇਜਰੀਵਾਲ ਦਾ ਈ ਡੀ ਰਿਮਾਂਡ ਵਧਾਇਆ

ਨਵੀਂ ਦਿੱਲੀ : ਵਿਸ਼ੇਸ਼ ਜੱਜ ਕਾਵੇਰੀ ਬਵੇਜਾ ਨੇ ਵੀਰਵਾਰ ਆਬਕਾਰੀ ਨੀਤੀ ਮਾਮਲੇ 'ਚ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦਾ ਈ ਡੀ ਰਿਮਾਂਡ ਪਹਿਲੀ ਅਪਰੈਲ ਤੱਕ ਵਧਾ ਦਿੱਤਾ। ਈ ਡੀ ਨੇ ਰਿਮਾਂਡ ਦੀ ਮੰਗ ਕਰਦਿਆਂ ਕਿਹਾ ਸੀ ਕਿ ਉਨ੍ਹਾ ਤੋਂ ਹੋਰ ਪੁੱਛ-ਪੜਤਾਲ ਕਰਨ ਦੀ ਲੋੜ ਹੈ। ਇਸ ਤੋਂ ਪਹਿਲਾਂ ਅਦਾਲਤ 'ਚ ਜਾਣ ਵੇਲੇ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾ ਨੂੰ ਸਿਆਸੀ ਸਾਜ਼ਿਸ਼ ਤਹਿਤ ਫਸਾਇਆ ਗਿਆ ਹੈ ਤੇ ਲੋਕ ਇਸ ਦਾ ਜੁਆਬ ਦੇਣਗੇ। ਸੁਨੀਤਾ ਕੇਜਰੀਵਾਲ ਨੇ ਵੀਰਵਾਰ ਕਿਹਾ ਕਿ ਮੁੱਖ ਮੰਤਰੀ ਦੀ ਸਿਹਤ ਠੀਕ ਨਹੀਂ ਹੈ ਅਤੇ ਉਨ੍ਹਾ ਨੂੰ ਬਹੁਤ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਅਦਾਲਤ 'ਚ ਕੇਜਰੀਵਾਲ ਦੀ ਪੇਸ਼ੀ ਮੌਕੇ ਹਾਜ਼ਰ ਸੁਨੀਤਾ ਨੇ ਪੱਤਰਕਾਰਾਂ ਨੂੰ ਕਿਹਾ ਕਿ ਕੇਜਰੀਵਾਲ ਦੇ ਸ਼ੂਗਰ ਲੈਵਲ 'ਚ ਉਤਰਾਅ-ਚੜ੍ਹਾਅ ਹੋ ਰਿਹਾ ਹੈ। ਉਨ੍ਹਾ ਨੂੰ ਕਾਫੀ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਇਹ ਅੱਤਿਆਚਾਰ ਜਾਰੀ ਨਹੀਂ ਰਹਿਣਗੇ, ਲੋਕ ਜਵਾਬ ਦੇਣਗੇ।

ਕੇਜਰੀਵਾਲ ਨੂੰ ਹਟਾਉਣ ਦੀ ਮੰਗ ਕਰਦੀ ਪਟੀਸ਼ਨ ਖਾਰਜ

ਨਵੀਂ ਦਿੱਲੀ : ਦਿੱਲੀ ਹਾਈ ਕੋਰਟ ਨੇ ਆਬਕਾਰੀ ਨੀਤੀ ਮਾਮਲੇ 'ਚ ਈਡੀ ਵੱਲੋਂ ਗ੍ਰਿਫਤਾਰ ਕਰਨ ਤੋਂ ਬਾਅਦ ਅਰਵਿੰਦ ਕੇਜਰੀਵਾਲ ਨੂੰ ਮੁੱਖ ਮੰਤਰੀ ਦੇ ਅਹੁਦੇ ਤੋਂ ਹਟਾਉਣ ਦੀ ਮੰਗ ਵਾਲੀ ਜਨਹਿਤ ਪਟੀਸ਼ਨ ਨੂੰ ਵੀਰਵਾਰ ਖਾਰਜ ਕਰ ਦਿੱਤਾ। ਕਾਰਜਕਾਰੀ ਚੀਫ ਜਸਟਿਸ ਮਨਮੋਹਨ ਦੀ ਅਗਵਾਈ ਵਾਲੀ ਬੈਂਚ ਨੇ ਇਸ ਮਾਮਲੇ 'ਤੇ ਟਿੱਪਣੀ ਕਰਨ ਤੋਂ ਇਨਕਾਰ ਕਰਦਿਆਂ ਕਿਹਾ ਕਿ ਇਹ ਨਿਆਂਇਕ ਦਖਲ ਦੇ ਦਾਇਰੇ ਤੋਂ ਬਾਹਰ ਹੈ।

NAAC GRADE A++

LOVELY PROFESSIONAL UNIVERSITY
Transforming Education Transforming India

A RESEARCH FOCUSSED UNIVERSITY WORKING ON GLOBAL RESEARCH ISSUES
- 3400+ patents published
- 18000+ research publications indexed in Scopus/ WOS
- 22 faculty members are enlisted in the "Stanford world top 2% scientists" for the year 2023.
- We foster global collaboration and elevate academic prowess through our 'International Research Exchange' and 'Co-Supervision' programs

ADMISSION NOTICE

Ph.D.

Engineering (ECE, CSE, EE, ME, CE, Chemical Engineering, Aerospace Engineering, Molecular Biology and Genetic Engg.), Geospatial Information Science and Technology, Computer Applications, Agronomy, Entomology, Fruit Science*, Genetics and Plant Breeding, Plant Pathology, Vegetable Science, Soil Science, Food Science and Technology, Environmental Sciences, Biotechnology, Bioinformatics, Microbiology, Biochemistry, Botany, Forensic Sciences, Zoology, Chemistry, Physics, Mathematics, Management, Commerce, Economics, Hotel Management, Tourism Management, Law, Planning, Architecture, Library Science, Fashion, Interior and Furniture Design, Product and Industrial Design, User Experience, Film and TV Production, Fine Arts, Performing Arts-Music, Psychology, Journalism and Mass Communication, English, Performing Arts-Theatre, Political Science, Sociology, History, Geography, Hindi, Education, Public Administration, Physical Education, Punjabi, Pharmaceutics, Pharmaceutical Chemistry, Pharmacognosy, Pharmacology, Pharmacy Practice, Ayurvedic Pharmacy, Pharmaceutical Analysis, Clinical Microbiology, Clinical Biochemistry, Physiotherapy

FLEXI COURSE WORK
- On every weekend for 1 semester (Aug. - Nov. 2024)
- 4 days every month for 1 semester (Aug. - Nov. 2024)
- 15 days continuously for 1 semester (Dec. 2024)

Individuals who have been awarded a Ph.D. degree in accordance with UGC regulations are exempted from the requirement of the minimum eligibility condition of NET/ SLET/ SET for recruitment/ appointment of Assistant Professor or equivalent positions in Universities/ Colleges/ Institutions

Last Date of Application	8th May 2024
Dates of Entrance Test (LPUNEST)	10th & 12th May 2024
Result of LPUNEST (Ph.D.)	18th May 2024
Interview Dates	25th to 31st May 2024
Result for Interview	5th June 2024
Last Date of Admission	30th June 2024

*subject to availability and fulfillment of eligibility criteria.

Scholarship/ Fellowship/ Travel Grant
- Scholarship upto ₹3.2 Lakh per student based on perfomance in LPUNEST Exam and also for Research Associates/ JRFs (UGC/CSIR) / NET/ GATE/ GPAT qualified/ Women Candidates^
- LPU Research Fellowship of ₹31000 per month^
- Teaching Fellowship of ₹15600 per month and Travel grant upto ₹35000 to attend National/ International Conference^#

^For application process, scholarship, disciplines, student intake (seats), eligibility, admission criteria, test centres and other details, refer the link https://nest.lpu.in/phd/

LOVELY PROFESSIONAL UNIVERSITY (LPU)
Jalandhar-Delhi G.T. Road, Phagwara, Punjab | www.lpu.in
admissions@lpu.co.in | Contact us: 01824-404403



29-MAR-PAGE-1.qxd 3/28/2024 10:44 PM Page 2

ਐਕਸਾਈਜ਼ ਵਿਭਾਗ ਨਾਲ ਸਾਂਝੇ ਤੌਰ 'ਤੇ ਕੀਤਾ ਸਰਚ ਆਪਰੇਸ਼ਨ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ, ਪਰਮਜੀਤ ਸਿੰਘ, ਚਾਵਲਾ)- ਗੌਰਵ ਯਾਦਵ ਡੀ.ਜੀ.ਪੀ. ਪੰਜਾਬ ਵੱਲੋਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਸ਼ਰਾਰਤੀ ਅਨਸਰਾਂ ਅਤੇ ਨਸ਼ਿਆਂ ਖਿਲਾਫ਼ ਪੰਜਾਬ ਅੰਦਰ ਮੁਹਿੰਮ ਵਿੱਢੀ ਗਈ, ਜਿਸ 'ਤੇ ਭਾਗੀਰਥ ਸਿੰਘ ਮੀਨਾ ਆਈ.ਪੀ.ਐਸ ਦੀਆਂ ਹਦਾਇਤਾਂ ਤਹਿਤ ਸਬ ਡਵੀਜ਼ਨ ਵਿੱਚ ਐਕਸਾਈਜ਼ ਵਿਭਾਗ ਦੇ ਨਾਲ ਸਾਂਝੇ ਤੌਰ ਸਰਚ ਅਪ੍ਰੇਸ਼ਨ ਚਲਾਇਆ ਗਿਆ।ਇਹ ਸਰਚ ਅਭਿਆਨ ਸਤਨਾਮ ਸਿੰਘ ਡੀ.ਐਸ.ਪੀ ਸਬ ਡਵੀਜ਼ਨ ਦੀ ਅਗਵਾਈ ਵਿੱਚ ਐਸ.ਆਈ ਵਰੁਣ ਮੁੱਖ ਅਫ਼ਸਰ ਥਾਣਾ ਸਿਟੀ ਸ੍ਰੀ ਮੁਕਤਸਰ ਸਾਹਿਬ ਤੇ ਐਕਸਾਈਜ਼ ਇੰਸਪੈਕਟਰ ਦੀਪਇੰਦਰ ਸਿੰਘ ਤੋਂ ਇਲਾਵਾ 50 ਦੇ ਕਰੀਬ ਪੁਲਸ ਮੁਲਾਜ਼ਮਾਂ ਹਾਜ਼ਰ ਸਨ ਤੇ ਪੁਲੀਸ ਵੱਖ-ਵੱਖ ਟੀਮਾਂ ਬਣਾ ਕੇ ਸ੍ਰੀ ਮੁਕਤਸਰ ਸਾਹਿਬ ਦੇ ਏਰੀਏ ਵਿੱਚ ਕੋਟਲੀ ਰੋਡ ਨਜ਼ਦੀਕ ਸਰਚ ਅਪ੍ਰੇਸ਼ਨ ਚਲਾਇਆ ਗਿਆ।ਸਤਨਾਮ ਸਿੰਘ ਡੀ.ਐਸ.ਪੀ ਸਬ ਡਿਵੀਜ਼ਨ ਨੇ ਦੱਸਿਆ ਕਿ ਲੋਕ ਸਭਾ ਚੋਣਾਂ 2024 ਨੂੰ ਮੁੱਖ ਰੱਖਦਿਆਂ ਪੁਲਸ ਵੱਲੋਂ ਸਬ ਡਵੀਜ਼ਨ ਏਰੀਏ ਵਿਚ ਸਰਚ ਕੀਤਾ ਗਿਆ।ਇਸ ਸਰਚ ਅਪ੍ਰੇਸ਼ਨ ਦੌਰਾਨ ਏਰੀਏ ਨੂੰ ਨਾਕਾਬੰਦੀ ਕਰ ਬਾਹਰ ਤੇ ਅੰਦਰ ਆਉਣ ਵਾਲੇ ਰਸਤਿਆਂ ਨੂੰ ਸੀਲ ਕੀਤਾ ਗਿਆ ਤੇ ਜਿਨ੍ਹਾਂ ਵਿਅਕਤੀਆਂ 'ਤੇ ਪਹਿਲਾਂ ਹੀ ਐਨ.ਡੀ.ਪੀ.ਐਸ ਤੇ ਮੁਕੱਦਮੇ ਦਰਜ ਹਨ ਅਤੇ ਜਿਨ੍ਹਾਂ ਦੇ ਕ੍ਰਿਮੀਨਲ ਰਿਕਾਰਡ ਹਨ, ਉਨ੍ਹਾਂ ਘਰਾਂ/ਥਾਂਵਾਂ 'ਤੇ ਪੁਲਸ ਵੱਲੋਂ ਰੇਡ ਕਰ ਸਰਚ ਕੀਤਾ ਗਿਆ। ਉਨ੍ਹਾਂ ਕਿਹਾ ਕਿ ਕਿਸੇ ਵੀ ਸ਼ਰਾਰਤੀ ਅਨਸਰ ਨੂੰ ਬਖਸ਼ਿਆ ਨਹੀਂ ਜਾਵੇਗਾ।

ਸਿਵਲ ਹਸਪਤਾਲ ਦੇ ਆਊਟਸੋਰਸ ਮੁਲਾਜ਼ਮਾਂ ਵੱਲੋਂ 7 ਤੱਕ ਧਰਨਾ ਮੁਲਤਵੀ

ਮੋਗਾ (ਇਕਬਾਲ ਸਿੰਘ ਖਹਿਰਾ)-ਸਿਵਿਲ ਹਸਪਤਾਲ ਮੋਗਾ ਦੇ ਆਊਟਸੋਰਸ ਕਰਮਚਾਰੀਆ ਵੱਲੋਂ ਲੰਮੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਛੇ ਮਹੀਨਿਆਂ ਦੀਆਂ ਬਕਾਇਆ ਤਨਖ਼ਾਹਾਂ ਦੀ ਅਦਾਇਗੀ ਸਬੰਧੀ 9 ਮਾਰਚ 24 ਤੋਂ ਧਰਨਾ ਜਾਰੀ ਕੀਤਾ ਗਿਆ ਸੀ। ਇਸ ਧਰਨੇ ਨੂੰ ਸੀਨੀਅਰ ਮੈਡੀਕਲ ਅਫ਼ਸਰ ਮੋਗਾ ਵੱਲੋਂ 12 ਮਾਰਚ 24 ਨੂੰ ਦੋ ਮਹੀਨਿਆਂ ਦੀਆਂ ਤਨਖ਼ਾਹਾਂ ਦਾ ਭੁਗਤਾਨ ਕਰਕੇ ਤੇ ਮੁਲਾਜ਼ਮਾਂ ਦੀਆਂ ਹੋਰ ਜ਼ਰੂਰੀ ਮੰਗਾਂ ਮਨਜ਼ੂਰ ਕਰਕੇ ਮੁਲਤਵੀ ਕਰਾਇਆ ਗਿਆ ਸੀ। ਧਰਨਾ ਮੁਲਤਵੀ ਕਰਨ ਉਪ੍ਰੰਤ ਮੀਟਿੰਗ ਕਰਕੇ ਆਗੂਆਂ ਵੱਲੋਂ 25 ਤਰੀਕ ਤੱਕ ਧਰਨਾ ਮੁਲਤਵੀ ਕਰਨ ਦਾ ਫ਼ੈਸਲਾ ਕੀਤਾ ਗਿਆ। ਇਸ ਸਬੰਧੀ ਐੱਸ ਐੱਮ ਓ ਮੋਗਾ ਵੱਲੋਂ ਯੂਨੀਅਨ ਦੇ ਆਗੂਆਂ ਨਾਲ਼ 24 ਮਾਰਚ 2024 ਮੀਟਿੰਗ ਕੀਤੀ ਗਈ ਤੇ ਇਹ ਅਪੀਲ ਕੀਤੀ ਕਿ ਮਾਰਚ ਦੇ ਮਹੀਨੇ ਵਿੱਚ ਫੰਡਾਂ 'ਤੇ ਰੁਕਾਵਟ ਲੱਗ ਜਾਣ ਕਾਰਨ ਤਨਖ਼ਾਹਾਂ ਦੀ ਅਦਾਇਗੀ ਸੰਭਵ ਨਹੀਂ ਅਤੇ ਅਪ੍ਰੈਲ ਦੇ ਪਹਿਲੇ ਹਫਤੇ ਤੱਕ ਦਾ ਫੰਡਾਂ ਦੀ ਪ੍ਰਾਪਤੀ ਹੋ ਜਾਵੇਗੀ, ਜਿਸ ਉਪ੍ਰੰਤ ਯੂਨੀਅਨ ਵੱਲੋਂ ਮੀਟਿੰਗ ਕਰਕੇ ਇਸ ਮਸਲੇ 'ਤੇ ਵਿਚਾਰਿਆ ਗਿਆ ਅਤੇ ਇੱਕ ਵਾਰ ਫਿਰ ਐੱਸ ਐੱਮ ਓ ਸਾਹਿਬ 'ਤੇ ਭਰੋਸਾ ਕਰਕੇ 7 ਅਪ੍ਰੈਲ ਤੱਕ ਧਰਨਾ ਮੁਲਤਵੀ ਕਰ ਦਿੱਤਾ ਗਿਆ। ਮੁਲਾਜ਼ਮਾਂ ਨੇ ਇਹ ਵੀ ਮੰਗ ਕੀਤੀ ਕਿ ਮੰਨੀਆਂ ਜ਼ਰੂਰੀ ਮੰਗਾਂ ਨੂੰ ਜਲਦ ਹੀ ਅਮਲ ਵਿੱਚ ਲਿਆਂਦਾ ਜਾਵੇ, ਤਾਂ ਜੋ ਮੁਲਾਜ਼ਮਾਂ ਵਿੱਚ ਇੱਕ ਰੋਸ ਦਾ ਕਾਰਨ ਪੈਦਾ ਨਾ ਹੋ ਜਾਵੇ। ਇਸ ਮੌਕੇ ਪ੍ਰਧਾਨ ਸੁਰਿੰਦਰ ਕੁਮਾਰ, ਪ੍ਰਧਾਨ ਰਾਜਪਾਲ ਸਿੰਘ, ਬਲਕਰਨ ਸਿੰਘ, ਸਾਜਨ, ਨੀਤੂ, ਰਣਜੀਤ ਕੌਰ, ਸੰਦੀਪ ਕੌਰ, ਮਨਪ੍ਰੀਤ ਕੌਰ ਆਦਿ ਆਗੂ ਹਾਜ਼ਰ ਸਨ।

ਧੂਰੀ ਖੰਡ ਮਿੱਲ ਚਲਾਉਣ ਵਾਸਤੇ ਪਿੰਡਾਂ 'ਚ ਰੈਲੀਆਂ

ਧੂਰੀ (ਸੁਖਦੇਵ ਧੂਰੀ)-ਭਗਵਾਨ ਪੁਰਾ ਸੂਗਰ ਮਿੱਲ ਜੋਕਿ ਧੂਰੀ ਇਲਾਕੇ ਲਈ ਵੱਡੀ ਸਹੂਲਤ ਰਹੀ ਹੈ, ਦੇ ਬੰਦ ਹੋਣ ਨਾਲ ਇਲਾਕੇ ਦਾ ਵੱਡਾ ਨੁਕਸਾਨ ਹੋਇਆ ਹੈ।ਜਿੱਥੇ ਸਿੱਧੇ ਤੌਰ 'ਤੇ ਇੱਸ ਮਿੱਲ ਦਾ ਕਿਸਾਨਾਂ ਨੂੰ ਫਾਇਦਾ ਸੀ, ਉਥੇ ਮਿੱਲ ਜੋ ਕਿ ਨੌਜਵਾਨਾਂ ਨੂੰ ਰੋਜ਼ਗਾਰ ਦੇ ਰਹੀ ਸੀ, ਇਨ੍ਹਾਂ ਸਹੂਲਤਾਂ ਤੋਂ ਇਲਾਕਾ ਵਾਂਝਾ ਹੋ ਗਿਆ।ਸੰਯੁਕਤ ਕਿਸਾਨ ਮੋਰਚੇ ਨੇ ਮਿੱਲ ਪ੍ਰਬੰਧਕਾਂ ਤੇ ਸਰਕਾਰ ਦੇ ਨੁਮਾਇੰਦਿਆਂ ਨਾਲ ਮੀਟਿੰਗਾਂ ਕੀਤੀਆਂ, ਜਿਸ ਦਾ ਕੋਈ ਸਾਰਥਿਕ ਹੱਲ ਨਹੀਂ ਨਿਕਲਿਆ।ਸੰਯੁਕਤ ਕਿਸਾਨ ਮੋਰਚੇ ਦੀਆਂ ਜਥੇਬੰਦੀਆਂ ਨੂੰ ਮੁੱਖ ਮੰਤਰੀ ਦੇ ਓ ਐੱਸ ਡੀ ਵੱਲੋਂ ਵਿਸ਼ਵਾਸ ਦਿਵਾਇਆ ਗਿਆ ਸੀ ਕਿ ਜਲਦੀ ਮਿੱਲ ਮਾਲਕਾਂ ਨੂੰ ਬੁਲਾ ਕੇ ਸਾਂਝੀ ਮੀਟਿੰਗ ਕਰਕੇ ਹੱਲ ਕੀਤਾ ਜਾਵੇਗਾ, ਪਰ ਲੰਮਾ ਸਮਾਂ ਬੀਤਣ ਦੇ ਬਾਵਜੂਦ ਕੋਈ ਮੀਟਿੰਗ ਨਹੀਂ ਕੀਤੀ ਗਈ।ਇਸ ਤੋਂ ਲੱਗਦਾ ਹੈ ਕਿ ਸਰਕਾਰ ਮਿੱਲ ਚਲਵਾਉਣ ਲਈ ਸੁਹਿਰਦ ਨਹੀਂ ਹੈ।ਹੁਣ ਜਥੇਬੰਦੀਆਂ ਨੇ ਮੁੱਖ ਮੰਤਰੀ ਦੇ ਦਫ਼ਤਰ ਚਿਤਾਵਨੀ ਪੱਤਰ ਦੇ ਕੇ ਧੂਰੀ ਮੁੱਖ ਮੰਤਰੀ ਦੇ ਦਫ਼ਤਰ ਅੱਗੇ ਸ਼ਾਂਤਮਈ ਰੋਸ ਧਰਨਾ ਦੇਣ ਦਾ ਪ੍ਰੋਗਰਾਮ ਉਲੀਕਿਆ ਹੈ।ਉਸ ਦੀ ਤਿਆਰੀ ਲਈ ਅੱਜ ਵੱਖ ਵੱਖ ਪਿੰਡਾਂ ਵਿੱਚ ਪਹੁੰਚ ਕੇ ਕਿਸਾਨਾਂ ਨੂੰ ਲਾਮਬੰਦ ਕਰਨ ਲਈ ਰੈਲੀਆਂ ਕੀਤੀਆਂ ਗਈਆਂ। ਇਨ੍ਹਾਂ ਰੈਲੀਆਂ ਨੂੰ ਸੰਯੁਕਤ ਕਿਸਾਨ ਮੋਰਚੇ ਦੇ ਜਰਨੈਲ ਸਿੰਘ ਜਹਾਂਗੀਰ, ਸ਼ੇਰ ਸਿੰਘ ਦੋਹਲਾ, ਅਮਰੀਕ ਸਿੰਘ ਕਾਂਝਲਾ, ਭਰਪੂਰ ਸਿੰਘ ਬਾਲੀਆਂ, ਪ੍ਰੀਤਮ ਸਿੰਘ ਬਾਦਸ਼ਾਹਪੁਰ, ਦਰਸ਼ਨ ਪਾਲ ਪੁੰਨਾਵਾਲ, ਰਘਵੀਰ ਸਿੰਘ ਬਾਲੀਆਂ, ਚਮਕੌਰ ਸਿੰਘ ਹਥਨ ਆਦਿ ਆਗੂਆਂ ਨੇ ਸੰਬੋਧਨ ਕੀਤਾ।

ਲੋਕ ਸਭਾ ਚੋਣਾਂ 'ਚ ਆਮ ਆਦਮੀ ਪਾਰਟੀ ਦਾ ਕੋਈ ਉਮੀਦਵਾਰ ਨਹੀਂ ਜਿੱਤਣਾ : ਹਰਗੋਬਿੰਦ ਕੌਰ

ਸ੍ਰੀ ਮੁਕਤਸਰ ਸਾਹਿਬ, ਲੰਬੀ (ਸ਼ਮਿੰਦਰਪਾਲ, ਪੂਜਾ, ਪਰਮਜੀਤ ਸਿੰਘ, ਚਾਵਲਾ)-ਸ਼੍ਰੋਮਣੀ ਅਕਾਲੀ ਦਲ ਦੇ ਇਸਤਰੀ ਵਿੰਗ ਵੱਲੋਂ ਪਿੰਡ ਚੰਨੂੰ ਵਿਖੇ ਮੀਟਿੰਗ ਕੀਤੀ ਗਈ, ਜਿਸ ਦੌਰਾਨ ਇਸਤਰੀ ਵਿੰਗ ਦੇ ਕੌਮੀ ਪ੍ਰਧਾਨ ਹਰਗੋਬਿੰਦ ਕੌਰ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ।ਇਕੱਠ ਨੂੰ ਸੰਬੋਧਨ ਕਰਦਿਆਂ ਹਰਗੋਬਿੰਦ ਕੌਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਝੂਠੇ ਲਾਰਿਆਂ ਵਾਲੀ ਪਾਰਟੀ ਹੈ ਤੇ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਨਹੀਂ ਕੀਤੇ, ਜਿਸ ਕਰਕੇ ਲੋਕ ਆਪਣੇ ਆਪ ਨੂੰ ਲੁੱਟੇ ਹੋਏ ਮਹਿਸੂਸ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਝਾੜੂ ਦਾ ਤੀਲਾ-ਤੀਲਾ ਖਿੱਲਰ ਰਿਹਾ ਹੈ ਤੇ ਲੋਕ ਸਭਾ ਦੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਦਾ ਕੋਈ ਉਮੀਦਵਾਰ ਨਹੀਂ ਜਿੱਤਣਾ। ਉਨ੍ਹਾਂ ਕਿਹਾ ਕਿ ਜਿਸ ਪਾਰਟੀ ਦਾ ਸੁਪਰੀਮੋ ਹੀ ਘਪਲੇ ਦੇ ਦੋਸ਼ਾਂ ਵਿੱਚ ਜੇਲ੍ਹ ਵਿੱਚ ਬੈਠਾ ਉਹ ਪਾਰਟੀ ਆਮ ਲੋਕਾਂ ਦਾ ਕੀ ਕਰ ਦੇਵੇਗੀ ।ਹਰਗੋਬਿੰਦ ਕੌਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਵਿਧਾਨ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਔਰਤਾਂ ਦੇ ਨਾਲ ਵਾਅਦਾ ਕੀਤਾ ਕਿ ਸਾਡੀ ਸਰਕਾਰ ਆਉਣ 'ਤੇ ਅਸੀਂ ਹਰ ਔਰਤ ਨੂੰ ਹਜ਼ਾਰ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਵਾਂਗੇ, ਪ੍ਰੰਤੂ 24 ਮਹੀਨੇ ਬੀਤ ਗਏ ਹਨ ਔਰਤਾਂ ਨੂੰ ਇੱਕ ਰੁਪਿਆ ਵੀ ਨਹੀਂ ਦਿੱਤਾ ਗਿਆ।ਇਸ ਮੌਕੇ ਸਰਕਲ ਪ੍ਰਧਾਨ ਬੇਅੰਤ ਕੌਰ, ਰੁਪਿੰਦਰ ਕੌਰ ਪ੍ਰਧਾਨ, ਜਸਵਿੰਦਰ ਕੌਰ ਪ੍ਰਧਾਨ, ਸਰਬਜੀਤ ਕੌਰ ਪ੍ਰਧਾਨ, ਮਨਦੀਪ ਕੌਰ ਪ੍ਰਧਾਨ , ਧਰਮਿੰਦਰ ਕੌਰ ਤੇ ਪਲਵਿੰਦਰ ਕੌਰ ਆਦਿ ਆਗੂ ਮੌਜੂਦ ਸਨ।

ਬਿਮਾਰ ਗਊਆਂ ਬਾਰੇ ਅਹਿਮ ਵਿਚਾਰਾਂ ਕੀਤੀਆਂ

ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)-ਖਾਲਸਾ ਪ੍ਰੇਮ ਮਾਰਗ ਬਿਮਾਰ ਪਸ਼ੂਆਂ ਦੇ ਪਿੰਗਲਵਾੜੇ ਦੀ ਪ੍ਰਬੰਧਕ ਕਮੇਟੀ ਦੀ ਮਹੀਨਾਵਾਰ ਮੀਟਿੰਗ ਪ੍ਰਧਾਨ ਸ਼੍ਰੀ ਸ਼ਾਮ ਲਾਲ ਬਾਂਸਲ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਹਾਜ਼ਰ ਮੈਂਬਰਾਂ ਨੇ ਬਿਮਾਰ ਪਸ਼ੂਆਂ ਤੇ ਗਊਆਂ ਦੀ ਹੋਰ ਬਿਹਤਰ ਤਰੀਕੇ ਨਾਲ ਸਾਂਭ-ਸੰਭਾਲ ਕਰਨ ਤੇ ਆਉਣ ਵਾਲੀ ਗਰਮੀ ਤੋਂ ਰਾਹਤ ਦਿਵਾਉਣ ਲਈ ਅਹਿਮ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਬਿਮਾਰ ਤੇ ਫੱਟੜ ਗਊਆਂ ਆਦਿ ਬਾਹਰੋਂ ਚੁੱਕ ਕੇ ਲਿਆਉਣ ਲਈ ਇੱਕ ਕਰੇਨ ਰੂਪੀ ਟਰਾਲੀ ਬਨਾਉਣ ਲਈ ਵੀ ਵਿਚਾਰ ਕੀਤੀ ਗਈ ਤਾਂ ਜੁ ਜਦੋਂ ਵੀ ਕਿਤੇ ਕਿਸੇ ਵਾਹਨ ਆਦਿ ਨਾਲ ਗਊ ਵਗੈਰਾ ਫੱਟੜ ਹੋ ਜਾਂਦੀ ਹੈ ਤਾਂ ਉਸ ਨੂੰ ਚੁੱਕ ਕੇ ਪਿੰਗਲਵਾੜੇ ਵਿੱਚ ਇਲਾਜ ਲਈ ਲਿਆਂਦਾ ਜਾ ਸਕੇ।ਇਸ ਮੌਕੇ ਪਿੰਡ ਨੰਗਲਾ ਦੀ ਗਊਸ਼ਾਲਾ ਦੇ ਸੇਵਾਦਾਰ ਤੇ ਮੁੱਖ ਪ੍ਰਬੰਧਕ ਸੰਤ ਮਹਾਰਾਜ ਰਾਮ ਮੁੰਨੀ ਜੀ ਨੇ ਸ਼ਬਦ ਕੀਰਤਨ ਕਰਕੇ ਹਾਜ਼ਰ ਮੈਂਬਰਾਂ ਨੂੰ ਗਊ ਸੇਵਾ ਨਾਲ ਜੁੜਣ ਦੀ ਪ੍ਰੇਰਨਾ ਦਿੱਤੀ।ਇਸ ਮੌਕੇ ਸਰਪ੍ਰਸਤ ਜੋਗਿੰਦਰ ਸਿੰਘ ਸਾਰੋਂ, ਪ੍ਰਧਾਨ ਸ਼ਾਮ ਲਾਲ ਬਾਂਸਲ, ਮੈਨੇਜਰ ਵਿਕਰਮਜੀਤ ਸਿੰਘ ਵਿੱਕੀ, ਰਮੇਸ਼ ਕੁਮਾਰ ਰਿਟਾ. ਐਸ.ਡੀ.ਓ, ਨੈਬ ਸਿੰਘ ਰਿਟਾ. ਥਾਣੇਦਾਰ, ਮੰਗਤ ਰਾਏ ਕਾਂਸਲ ਚੇਅਰਮੈਨ ਮਿਲੇਨੀਅਮ ਸਕੂਲ, ਗੁਰਚਰਨ ਸਿੰਘ ਹਰੀਕਾ, ਗਿਰਧਾਰੀ ਲਾਲ ਜਿੰਦਲ, ਓਮ ਪ੍ਰਕਾਸ਼ ਮਾਰੜੇ, ਰਾਜ ਕੁਮਾਰ ਗੋਇਲ, ਕ੍ਰਿਸ਼ਨ ਸੰਦੋਹਾ, ਸੁਰਜੀਤ ਸਿੰਘ ਵਿਰਕ, ਡਾ. ਸਤਪਾਲ ਗਰਗ, ਸ਼ਾਮ ਲਾਲ ਐਡਵੋਕੇਟ, ਨਿਹਾਲ ਸਿੰਘ ਨੰਗਲਾ, ਡਾ. ਗੁਰਪ੍ਰੀਤ ਸਿੰਘ, ਅਜੀਤ ਸਿੰਘ ਸਾਰੋਂ, ਦਲੀਪ ਸਿੰਘ, ਰਮਨਦੀਪ ਸਿੰਘ, ਡਾ. ਗਗਨਦੀਪ ਸਿੰਘ ਤੇ ਡਾ. ਰਸਵੀਰ ਸਿੰਘ ਸਮੇਤ ਕਮੇਟੀ ਮੈਂਬਰ ਹਾਜ਼ਰ ਸਨ।

ਐਡਵੋਕੇਟ ਗੁਰਭੇਜ ਸਿੰਘ ਮਲੋਟ ਨੇ ਸਾਬਕਾ ਸੈਨਿਕਾਂ ਦੇ ਆਗੂਆਂ ਨਾਲ ਕੀਤੀ ਮੀਟਿੰਗ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਆਮ ਆਦਮੀ ਪਾਰਟੀ ਦੇ ਲੀਗਲ ਸੈੱਲ ਦੇ ਸੀਨੀਅਰ ਆਗੂ ਐਡਵੋਕੇਟ ਗੁਰਭੇਜ ਸਿੰਘ ਮਲੋਟ ਵੱਲੋਂ ਫਿਰੋਜ਼ਪੁਰ ਵਿਖੇ ਸਾਬਕਾ ਸੈਨਿਕਾਂ ਦੇ ਆਗੂਆਂ ਨਾਲ ਮੀਟਿੰਗ ਕੀਤੀ ਗਈ।ਇਸ ਮੌਕੇ ਜਿੱਥੇ ਸਾਬਕਾ ਸੈਨਿਕਾਂ ਵੱਲੋਂ ਆਪਣੀਆਂ ਮੁਸ਼ਕਲਾਂ ਦੱਸੀਆਂ ਗਈਆਂ, ਉੱਥੇ ਉਨ੍ਹਾਂ ਦੇ ਹੱਲ ਦਾ ਐਡਵੋਕੇਟ ਗੁਰਭੇਜ ਸਿੰਘ ਮਲੋਟ ਨੇ ਭਰੋਸਾ ਦਿੱਤਾ।ਦੱਸਣਯੋਗ ਹੈ ਕਿ ਐਡਵੋਕੇਟ ਗੁਰਭੇਜ ਸਿੰਘ ਮਲੋਟ ਖੁਦ ਵੀ ਏਅਰ ਫੋਰਸ ਦੇ ਸੇਵਾ ਮੁਕਤ ਅਧਿਕਾਰੀ ਹਨ।ਇਸ ਮੌਕੇ ਸਾਬਕਾ ਸੈਨਿਕਾਂ ਨੇ ਆਪਣੇ ਇਲਾਕੇ ਦੀਆਂ ਤੇ ਲੋਕਾਂ ਦੀਆਂ ਮੁਸ਼ਕਲਾਂ ਦੱਸੀਆਂ।ਐਡਵੋਕੇਟ ਗੁਰਭੇਜ ਸਿੰਘ ਨੇ ਇਨ੍ਹਾਂ ਦੇ ਹੱਲ ਲਈ ਸਾਬਕਾ ਸੈਨਿਕਾਂ ਨੂੰ ਭਰੋਸਾ ਦਿੱਤਾ। ਐਡਵੋਕੇਟ ਗੁਰਭੇਜ ਸਿੰਘ ਨੇ ਕਿਹਾ ਕਿ ਸਾਬਕਾ ਸੈਨਿਕ ਹਮੇਸ਼ਾ ਸਮਾਜ ਦੇ ਭਲੇ ਦੀ ਗੱਲ ਕਰਦੇ ਹਨ ਤੇ ਅੱਜ ਉਨ੍ਹਾਂ ਨੂੰ ਬਹੁਤ ਵਧੀਆ ਲੱਗਿਆ ਕਿ ਫਿਰੋਜ਼ਪੁਰ ਦੇ ਸਾਬਕਾ ਸੈਨਿਕਾਂ ਵੱਲੋਂ ਲੋਕਾਂ ਦੀ ਆਵਾਜ਼ ਬੁਲੰਦ ਕੀਤੀ ਗਈ ਹੈ।ਉਨ੍ਹਾ ਕਿਹਾ ਕਿ ਜੇ ਪਾਰਟੀ ਨੇ ਮੌਕਾ ਦਿੱਤਾ ਤਾਂ ਉਹ ਫਿਰੋਜ਼ਪੁਰ ਲੋਕ ਸਭਾ ਹਲਕੇ ਦੇ ਲੋਕਾਂ ਦੀ ਸੇਵਾ ਵਿੱਚ ਕੋਈ ਕਸਰ ਨਹੀਂ ਛੱਡਣਗੇ।

ਮੈਡੀਕਲ ਰੈਸਟ 'ਚ ਛੇੜਛਾੜ ਕਰਨ ਦੇ ਦੋਸ਼ 'ਚ ਔਰਤ ਖਿਲਾਫ਼ ਮਾਮਲਾ ਦਰਜ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਐੱਨਡੀਪੀਐੱਸ ਐਕਟ ਦੇ ਇਕ ਮਾਮਲੇ ਵਿਚ 10 ਸਾਲ ਦੀ ਕੈਦ ਕੱਟ ਰਹੀ ਇਕ ਔਰਤ ਪੈਰੋਲ ਛੁੱਟੀ ਆਪਣੇ ਬਿਮਾਰ ਲੜਕੇ ਦੀ ਦੇਖਭਾਲ ਲਈ ਗਈ ਸੀ, ਜਿਸ ਦੇ ਲੜਕੇ ਨੂੰ ਮੈਡੀਕਲ ਰੈਸਟ 15 ਦਿਨ ਦਾ ਦਿੱਤਾ ਗਿਆ ਸੀ, ਪਰ ਉਕਤ ਔਰਤ ਵੱਲੋਂ ਮੈਡੀਕਲ ਰੈਸਟ ਵਿੱਚ ਛੇੜਛਾੜ ਕਰਕੇ 75 ਦਿਨ ਦਾ ਪਾਇਆ ਗਿਆ ਹੈ। ਇਸ ਮਾਮਲੇ ਵਿਚ ਥਾਣਾ ਤਲਵੰਡੀ ਭਾਈ ਪੁਲਿਸ ਨੇ ਉਕਤ ਔਰਤ ਖਿਲਾਫ 420, 465, 467, 468, 471 ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਮਹੇਸ਼ ਸਿੰਘ ਨੇ ਦੱਸਿਆ ਕਿ ਇਹ ਮੁਕੱਦਮਾ ਬਾਹੁਕਮ ਪੰਜਾਬ ਐਂਡ ਹਰਿਆਣਾ ਹਾਈਕੋਰਟ ਚੰਡੀਗੜ੍ਹ ਤੇ ਮਾਣਯੋਗ ਐੱਸਐੱਸਪੀ ਫ਼ਿਰੋਜ਼ਪੁਰ ਦਰਜ ਰਜਿਸਟਰ ਕੀਤਾ ਗਿਆ ਕਿ ਮੁਕੱਦਮਾ ਨੰਬਰ 72/28-04-2015 ਅ/ਧ 22 ਐੱਨਡੀਪੀਐੱਸ ਐਕਟ ਥਾਣਾ ਘੱਲਖੁਰਦ ਬ/ਖ (ਪਟੀਸ਼ਨ ਕਰਤਾ) ਛਿੰਦਰ ਕੌਰ ਉਰਫ ਛਿੰਦਰ ਪਤਨੀ ਜਰਨੈਲ ਸਿੰਘ ਵਾਸੀ ਅਜੀਤ ਨਗਰ ਤਲਵੰਡੀ ਭਾਈ ਦਰਜ ਰਜਿਸਟਰ ਹੋਇਆ ਸੀ, ਜਿਸ ਵਿੱਚ ਪਟੀਸ਼ਲ ਕਰਤਾ ਨੂੰ 10 ਸਾਲ ਦੀ ਕੈਦ ਅਤੇ 1 ਲੱਖ ਰੁਪਏ ਜੁਰਮਾਨਾ ਕੀਤਾ ਗਿਆ ਸੀ, ਜਿਸ ਵਿੱਚ ਪਟੀਸ਼ਨਕਰਤਾ ਨੇ ਇਕ ਪੈਰੋਲ ਛੁੱਟੀ ਆਪਣੇ ਬਿਮਾਰ ਲੜਕੇ ਸੁਖਵਿੰਦਰ ਸਿੰਘ ਦੀ ਦੇਖਭਾਲ ਸਬੰਧੀ 19 ਜਨਵਰੀ ਨੂੰ 16 ਮਾਰਚ 2024 ਤੱਕ ਹਾਸਲ ਕੀਤੀ ਸੀ, ਦੌਰਾਨੇ ਪੈਰੋਲ ਛਿੰਦਰ ਕੌਰ ਨੇ ਉਕਤ ਨੰਬਰੀ ਰਿੱਟ ਮਾਣਯੋਗ ਪੰਜਾਬ ਐਂਡ ਹਰਿਆਣਾ ਹਾਈਕੋਰਟ ਵਿਚ ਆਪਣੀ ਪੈਰੋਲ ਰਿਹਾਈ ਵਧਾਉਣ ਸਬੰਧੀ ਦਾਇਰ ਕੀਤੀ ਸੀ, ਜੋ ਸੁਖਵਿੰਦਰ ਸਿੰਘ ਦਾ ਮੈਡੀਕਲ ਸਹਾਇਕ ਥਾਣੇਦਾਰ ਦਿਲਬਾਗ ਸਿੰਘ ਵੱਲੋਂ ਸਿਵਲ ਹਸਪਤਾਲ ਫ਼ਰੀਦਕੋਟ ਤੋਂ ਤਸਦੀਕ ਕਰਾਇਆ ਤੇ ਡਾਕਟਰ ਨੇ ਲਿਖਤੀ ਦੱਸਿਆ ਕਿ ਉਨ੍ਹਾਂ ਵੱਲੋਂ ਸੁਖਵਿੰਦਰ ਸਿੰਘ ਨੂੰ ਸਿਰਫ਼ 15 ਦਿਨ ਦਾ ਹੀ ਮੈਡੀਕਲ ਰੈਸਟ ਦਿੱਤੀ ਗਈ ਹੈ, ਜੋ 15 ਦਿਨ ਮੈਡੀਕਲ ਰੈ

29-March-PAGE-3-Majha-Doaba-24.qxd 3/28/2024 10:57 PM Page 1

ਫਾਸ਼ਿਸਟ ਮੋਦੀ ਸਰਕਾਰ ਨੂੰ ਹਰਾਓ, ਇੰਡੀਆ ਗੱਠਜੋੜ ਜਿਤਾਓ : ਲਿਬਰੇਸ਼ਨ

ਬਟਾਲਾ (ਤਰਲੋਕ ਬੱਗਾ)- ਸੀ ਪੀ ਆਈ ਐਮ ਐਲ ਲਿਬਰੇਸ਼ਨ ਪੰਜਾਬ ਸੂਬਾ ਕਮੇਟੀ ਦੀ ਦੋ ਦਿਨਾ ਮੀਟਿੰਗ ਸੁਖਦੇਵ ਸਿੰਘ ਭਾਗੋਕਾਵਾਂ ਦੀ ਪ੍ਰਧਾਨਗੀ ਹੇਠ ਫੈਜ਼ਪੁਰਾ ਰੋਡ ਦਫ਼ਤਰ ਵਿਖੇ ਸੰਪੰਨ ਹੋਈ। ਇਸ ਮੌਕੇ ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆਂ ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬੱਖਤਪੁਰਾ ਨੇ ਕਿਹਾ ਕਿ ਮੀਟਿੰਗ ਵਿੱਚ ਪ੍ਰਾਂਤਕ ਅਤੇ ਕੌਮੀ ਸਥਿਤੀ ਉੱਤੇ ਵਿਚਾਰ ਵਟਾਂਦਰਾ ਕੀਤਾ ਗਿਆ। ਸੂਬਾ ਕਮੇਟੀ ਵਿੱਚ ਪਾਸ ਕੀਤਾ ਗਿਆ ਕਿ ਆ ਰਹੀਆਂ ਲੋਕ ਸਭਾ ਚੋਣਾਂ ਵਿੱਚ ਮੋਦੀ ਦੀ ਫਾਸ਼ਿਸਟ ਸਰਕਾਰ ਨੂੰ ਹਰਾਉਣ ਲਈ ਪਾਰਟੀ ਸਰਗਰਮੀ ਨਾਲ ਇੰਡੀਆ ਗੱਠਜੋੜ ਦੇ ਉਮੀਦਵਾਰਾਂ ਦੀ ਹਮਾਇਤ ਕਰੇਗੀ ਕਿਉਂਕਿ ਲਿਬਰੇਸ਼ਨ ਇੰਡੀਆ ਗੱਠਜੋੜ ਦਾ ਹਿੱਸਾ ਹੈ। ਹਮਾਇਤ ਕਰਨ ਸਮੇਂ ਇਹ ਧਿਆਨ ਵਿੱਚ ਰੱਖਿਆ ਜਾਵੇਗਾ ਕਿ ਕਿਸ ਕਿਸ ਸੀਟ 'ਤੇ ਭਾਜਪਾ ਦੇ ਉਮੀਦਵਾਰ ਨੂੰ ਕਿਹੜੀ ਪਾਰਟੀ ਦਾ ਉਮੀਦਵਾਰ ਹਰਾਉਣ ਦੀ ਸਥਿਤੀ ਵਿਚ ਹੈ ਕਿਉਂਕਿ ਇੰਡੀਆ ਗੱਠਜੋੜ ਵਿਚ ਪੰਜਾਬ ਦੀਆਂ ਦੋ ਮੁੱਖ ਪਾਰਟੀਆਂ ਕਾਂਗਰਸ ਅਤੇ ਆਮ ਆਦਮੀ ਪਾਰਟੀ ਗੱਠਜੋੜ ਦਾ ਹਿੱਸਾ ਹਨ ਅਤੇ ਇਹ ਦੋਵੇਂ ਵੱਖ ਵੱਖ ਉਮੀਦਵਾਰ ਖੜ੍ਹੇ ਕਰ ਰਹੀਆਂ ਹਨ। ਲਿਬਰੇਸ਼ਨ ਨੇ ਪਾਸ ਕੀਤਾ ਕਿ ਪਾਰਟੀ ਆਪਣੀ ਅਜ਼ਾਦ ਹੈਸੀਅਤ ਬਰਕਰਾਰ ਰੱਖਦਿਆਂ ਇੰਡੀਆ ਗੱਠਜੋੜ ਦੇ ਉਮੀਦਵਾਰਾਂ ਦੀ ਹਮਾਇਤ ਕਰੇਗੀ। ਪਾਰਟੀ ਦਾ ਮੰਨਣਾ ਹੈ ਕਿ ਭਾਵੇਂ ਪਹਿਲਾਂ ਪਾਰਟੀ ਨੇ ਤਿੰਨ ਸੀਟਾਂ 'ਤੇ ਆਪਣੇ ਉਮੀਦਵਾਰ ਉਤਾਰਨ ਦਾ ਫ਼ੈਸਲਾ ਕੀਤਾ ਸੀ ਪਰ ਦੇਸ਼ ਦੇ ਵਡੇਰੇ ਹਿੱਤਾਂ ਲਈ ਦੇਸ਼ ਨੂੰ ਮੋਦੀ ਸਰਕਾਰ ਦੇ ਫਾਸ਼ੀਵਾਦ ਤੋਂ ਬਚਾਉਣ ਲਈ ਫੈਸਲਾ ਬਦਲ ਲਿਆ ਗਿਆ ਹੈ। ਲਿਬਰੇਸ਼ਨ ਨੇ ਮੀਟਿੰਗ ਵਿੱਚ ਭਾਜਪਾ, ਆਮ ਆਦਮੀ ਪਾਰਟੀ ਸਮੇਤ ਹੋਰ ਪਾਰਟੀਆਂ ਦੁਆਰਾ ਵੱਖ ਵੱਖ ਪੱਧਰਾਂ 'ਤੇ ਕਰਵਾਈ ਜਾ ਰਹੀ ਦਲਬਦਲੀ ਨੂੰ ਬੇਸ਼ਰਮੀ ਭਰੀ ਰਾਜਨੀਤੀ ਦੱਸਦਿਆਂ ਕਿਹਾ ਕਿ ਇਨ੍ਹਾਂ ਪਾਰਟੀਆਂ ਨੇ ਹਰ ਪੱਧਰ ਦੇ ਅਸੂਲਾਂ ਅਤੇ ਸਿਧਾਂਤਾਂ ਨੂੰ ਸਿੱਕੇ ਟੰਗ ਦਿੱਤਾ ਹੈ ਅਤੇ ਇਨ੍ਹਾਂ ਮੌਕਾਪ੍ਰਸਤ ਪਾਰਟੀਆਂ ਖ਼ਾਸਕਰ ਭਾਜਪਾ ਤੋਂ ਖਹਿੜਾ ਛੁਡਾਉਣ ਅਤੇ ਭਾਜਪਾ ਅਤੇ ਆਰ ਐਸ ਐਸ ਦੇ ਫਾਸ਼ੀਵਾਦ ਤੋਂ ਭਾਰਤ ਦੇ ਸੰਵਿਧਾਨ ਅਤੇ ਲੋਕਤੰਤਰ ਨੂੰ ਬਚਾਉਣ ਲਈ ਭਾਰਤ ਦੀ ਜਨਤਾ ਨੂੰ ਇੰਡੀਆ ਗੱਠਜੋੜ ਦੇ ਹੱਕ ਵਿੱਚ ਭੁਗਤਣ ਦੀ ਜ਼ਰੂਰਤ ਹੈ। ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ਪੰਜਾਬ ਇੰਚਾਰਜ ਪਰਸ਼ੋਤਮ ਸ਼ਰਮਾ ਤੋਂ ਇਲਾਵਾ ਰੁਲਦੂ ਸਿੰਘ ਮਾਨਸਾ, ਸੁਦਰਸ਼ਨ ਸਿੰਘ ਨੱਤ, ਸੁਰਿੰਦਰ ਸ਼ਰਮਾ, ਰਾਜਵਿੰਦਰ ਸਿੰਘ ਰਾਣਾ, ਗੁਰਪ੍ਰੀਤ ਸਿੰਘ ਰੂੜੇਕੇ, ਜਸਬੀਰ ਕੌਰ ਨੱਤ, ਗੋਬਿੰਦ ਛਾਜਲੀ, ਬਲਬੀਰ ਮੂਧਲ, ਹਰਭਗਵਾਨ ਭਿਖੀ, ਗੁਰਨਾਮ ਸਿੰਘ ਭੀਖੀ, ਗੁਲਜ਼ਾਰ ਸਿੰਘ ਭੁੰਬਲੀ ਅਤੇ ਵਿਜੇ ਸੋਹਲ ਸ਼ਾਮਲ ਸਨ ।

ਲੋਕ ਸਭਾ ਚੋਣਾਂ ਦੌਰਾਨ ਕੀਤੀ ਜਾਵੇਗੀ ਸਖ਼ਤ ਚੌਕਸੀ : ਜ਼ਿਲ੍ਹਾ ਚੋਣ ਅਧਿਕਾਰੀ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ) ਆ ਰਹੀਆਂ ਲੋਕ ਸਭਾ ਚੋਣਾਂ ਦੌਰਾਨ ਹਰੇਕ ਪੋਲਿੰਗ ਸਟੇਸ਼ਨ 'ਤੇ ਤਿੱਖੀ ਨਜ਼ਰ ਰੱਖੀ ਜਾਵੇਗੀ ਤਾਂ ਜੋ ਕੋਈ ਸ਼ਰਾਰਤੀ ਅਨਸਰ ਕਿਸੇ ਤਰ੍ਹਾਂ ਦੀ ਸ਼ਰਾਰਤ ਨਾ ਕਰ ਸਕੇ ਅਤੇ ਸਾਰੇ ਪੋਲਿੰਗ ਸਟੇਸ਼ਨਾਂ 'ਤੇ ਸੀ.ਸੀ.ਟੀ.ਵੀ. ਕੈਮਰੇ ਲਗਾਏ ਜਾਣਗੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਜ਼ਿਲ੍ਹਾ ਚੋਣ ਅਧਿਕਾਰੀ ਘਨਸ਼ਾਮ ਥੋਰੀ ਨੇ ਪੁਲਸ ਅਧਿਕਾਰੀਆਂ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਮੀਟਿੰਗ ਕਰਨ ਉਪਰੰਤ ਕੀਤਾ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਕੁੱਲ 361 ਵਲਨੂਰੇਬਲ ਸਥਾਨਾਂ ਅਤੇ 624 ਵਲਨੂਰੇਬਲ ਪੋਲਿੰਗ ਸਟੇਸ਼ਨਾਂ ਦੀ ਪਹਿਚਾਣ ਕੀਤੀ ਗਈ ਹੈ ਅਤੇ ਬਾਕੀ ਹੋਰ ਜਾਂਚ ਪੜਤਾਲ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਸਖ਼ਤ ਚੌਕਸੀ ਵਰਤੀ ਜਾ ਰਹੀ ਹੈ ਅਤੇ ਕਿਸੇ ਵੀ ਸ਼ਰਾਰਤੀ ਅਨਸਰ ਨੂੰ ਹੁੱਲੜਬਾਜ਼ੀ ਨਹੀਂ ਕਰਨ ਦਿੱਤੀ ਜਾਵੇਗੀ। ਉਨ੍ਹਾਂ ਸਪੱਸ਼ਟ ਕੀਤਾ ਕਿ ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਉਤੇ ਅਮਲ ਕਰਦੇ ਹੋਏ ਇਹ ਚੋਣਾਂ ਬਿਲਕੁੱਲ ਨਿਰਪੱਖ, ਪਾਰਦਰਸ਼ਤਾ ਅਤੇ ਭੈਅ ਮੁਕਤ ਮਾਹੌਲ ਵਿੱਚ ਨੇਪਰੇ ਚਾੜ੍ਹਨ ਲਈ ਯੋਗ ਪ੍ਰਬੰਧ ਕੀਤੇ ਗਏ ਹਨ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਪੁਲਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਕਿਹਾ ਕਿ ਕਿਸੇ ਵੀ ਅਣਸੁਖਾਵੀਂ ਹਰਕਤ 'ਤੇ ਕਾਬੂ ਪਾਉਣ ਲਈ ਪੁਲਸ ਫੋਰਸ ਤਿਆਰ ਹੈ । ਉਨ੍ਹਾਂ ਦੱਸਿਆ ਕਿ ਸ਼ਹਿਰ ਵਿੱਚ ਵੱਖ-ਵੱਖ ਥਾਵਾਂ 'ਤੇ ਨਾਕੇ ਲਗਾ ਕੇ ਚੈਕਿੰਗ ਅਭਿਆਨ ਸ਼ੁਰੂ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਹਰੇਕ ਵਿਧਾਨ ਸਭਾ ਹਲਕੇ ਵਿੱਚ ਸ਼ੱਕੀ ਵਿਅਕਤੀਆਂ ਉਤੇ ਲਗਾਤਾਰ ਨਜ਼ਰ ਰੱਖੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਚੋਣਾਂ ਦੌਰਾਨ ਅਮਨ ਸ਼ਾਂਤੀ ਅਤੇ ਕਾਨੂੰਨੀ ਵਿਵਸਥਾ ਬਣਾਈ ਰੱਖਣ ਲਈ ਲੋਕਾਂ ਨੂੰ ਆਪਣੇ ਲਾਇਸੰਸੀ ਹਥਿਆਰ ਤੁਰੰਤ ਸਬੰਧਤ ਥਾਣਿਆਂ ਵਿੱਚ ਜਮ੍ਹਾਂ ਕਰਵਾਉਣ ਲਈ ਕਿਹਾ ਗਿਆ ਹੈ ਅਤੇ ਜਿਨ੍ਹਾਂ ਲੋਕਾਂ ਵਲੋਂ ਅਜੇ ਤੱਕ ਲਾਇਸੰਸੀ ਹਥਿਆਰ ਨਹੀਂ ਜਮ੍ਹਾਂ ਕਰਵਾਏ ਗਏ ਉਨ੍ਹਾਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਐਸ.ਐਸ.ਪੀ. ਦਿਹਾਤੀ ਸਤਿੰਦਰ ਸਿੰਘ, ਵਧੀਕ ਡਿਪਟੀ ਕਮਿਸ਼ਨਰ ਨਿਕਾਸ ਕੁਮਾਰ, ਐਸ ਡੀ ਐਮ ਮਜੀਠਾ ਡਾ. ਹਰਨੂਰ ਕੌਰ ਢਿੱਲੋਂ, ਐਸ ਡੀ ਐਮ ਬਾਬਾ ਬਕਾਲਾ ਰਵਿੰਦਰ ਸਿੰਘ, ਐਸ ਡੀ ਐਮ ਲੋਪੋਕੇ ਮੈਡਮ ਅਮਨਦੀਪ ਕੌਰ, ਆਰ ਟੀ ਏ ਅਰਸ਼ਦੀਪ ਸਿੰਘ ਤੋਂ ਇਲਾਵਾ ਸਬੰਧਤ ਅਧਿਕਾਰੀ ਹਾਜ਼ਰ ਸਨ।

ਕਿਰਨਪ੍ਰੀਤ ਕੌਰ ਨੇ ਗੇਟ 'ਚੋਂ 328ਵਾਂ ਰੈਂਕ ਕੀਤਾ ਹਾਸਲ

ਗੁਰਦਾਸਪੁਰ (ਜਨਕ ਮਹਾਜਨ)- ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਗੁਨੋਪੁਰ ਦੀ ਰਹਿਣ ਵਾਲੀ ਕਿਰਨਪ੍ਰੀਤ ਕੌਰ ਨੇ ਗੇਟ (ਜੇ.ਏ.ਟੀ.ਈ.) ਦੀ ਪ੍ਰੀਖਿਆ ਵਿਚੋਂ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਆਲ ਇੰਡੀਆ ਵਿਚੋਂ 328ਵਾਂ ਰੈਂਕ ਹਾਸਲ ਕਰਕੇ ਜਿਲ੍ਹਾ ਗੁਰਦਾਸਪੁਰ ਅਤੇ ਪਿੰਡਾਂ ਦਾ ਨਾਂਅ ਰੋਸ਼ਨ ਕੀਤਾ ਹੈ। ਇਸ ਸਬੰਧੀ ਕਿਰਨਪ੍ਰੀਤ ਕੌਰ ਦੇ ਪਿਤਾ ਸਾਬਕਾ ਜੇ.ਈ. ਸਰਵਨ ਸਿੰਘ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਉਨ੍ਹਾਂ ਦੀ ਪੁੱਤਰੀ ਕਿਰਨਪ੍ਰੀਤ ਕੌਰ ਨੇ ਗੇਟ 'ਚੋਂ 328ਵਾਂ ਰੈਂਕ ਹਾਸਲ ਕਰਕੇ ਇਲਾਕੇ ਦਾ ਮਾਣ ਵਧਾਇਆ ਹੈ। ਉਨ੍ਹਾਂ ਦੱਸਿਆ ਕਿ ਮੇਰੀ ਲੜਕੀ ਨੇ ਆਰਮੀ ਪਬਲਿਕ ਸਕੂਲ ਤਿੱਬੜੀ ਕੈਂਟ ਤੋਂ ਬਾਰ੍ਹਵੀਂ ਕਰਨ ਤੋਂ ਬਾਅਦ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਐਮ.ਐਸ.ਸੀ. ਦੀ ਪੜ੍ਹਾਈ ਕੀਤੀ ਅਤੇ ਹੁਣ ਕਿਰਨਪ੍ਰੀਤ ਕੌਰ ਪੀ.ਐਚ.ਡੀ. ਕਰਨ ਜਾ ਰਹੀ ਹੈ। ਕਿਰਨਪ੍ਰੀਤ ਕੌਰ ਦੀ ਇਸ ਉਪਲਬਧੀ 'ਤੇ ਉਸ ਦੇ ਪਿਤਾ ਸਰਵਨ ਸਿੰਘ ਨੂੰ ਮਾਸਟਰ ਜੋਹਰ ਸਿੰਘ ਸਾਬਕਾ ਵਿਧਾਇਕ ਅਤੇ ਗੁਰਦੁਆਰਾ ਘੱਲੂਘਾਰਾ ਸਾਹਿਬ ਦੇ ਪ੍ਰਧਾਨ, ਡਾ. ਸ਼ਾਮ ਸਿੰਘ ਜੁਆਇੰਟ ਐਕਟ ਪੰਜਾਬ, ਨਰਿੰਦਰ ਸ਼ਰਮਾ ਉਪ ਪ੍ਰਧਾਨ ਪੰਜਾਬ, ਇੰਜ. ਸੁਖਪ੍ਰੀਤ ਸਿੰਘ, ਸੁਖਵਿੰਦਰਜੀਤ ਸਿੰਘ ਲਾਡੀ, ਸੁਰਿੰਦਰ ਸਿੰਘ ਥਾਣੇਦਾਰ ਤੋਂ ਇਲਾਵਾ ਇਲਾਕੇ ਦੀਆਂ ਹੋਰ ਸ਼ਖ਼ਸੀਅਤਾਂ ਨੇ ਵਧਾਈਆਂ ਦਿੱਤੀਆਂ।

ਪਿੰਡ ਲਾਲੂ ਘੁੰਮਣ ਸਰਕਾਰੀ ਐਲੀਮੈਂਟਰੀ ਸਕੂਲ ਵਿਖੇ ਤੀਸਰੀ ਕਲਾਸ ਵਿੱਚ ਪੜ੍ਹਦੇ ਵਿਦਿਆਰਥੀ ਹਰਨੇਕ ਸਿੰਘ ਨੇ ਕਲਾਸ ਵਿੱਚੋਂ ਦੂਸਰਾ ਸਥਾਨ ਹਾਸਲ ਕਰਕੇ ਸਕੂਲ, ਪਿੰਡ ਅਤੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ।ਇਸ ਸਮੇਂ ਸਕੂਲ ਦੇ ਮੁੱਖ ਅਧਿਆਪਕ ਗੁਰਬਿੰਦਰ ਸਿੰਘ ਅਤੇ ਸਕੂਲ ਦੇ ਸਮੂਹ ਸਟਾਫ ਨੇ ਅੱਵਲ ਆਉਣ ਵਾਲੇ ਬੱਚਿਆਂ ਦੀ ਹੌਸਲਾ ਅਫਜ਼ਾਈ ਕੀਤੀ ਅਤੇ ਸਕੂਲ ਦੇ ਬਾਕੀ ਬੱਚਿਆਂ ਨੂੰ ਵੀ ਮਨ ਲਾ ਕੇ ਪੜ੍ਹਨ ਲਈ ਪ੍ਰੇਰਤ ਕੀਤਾ , ਤਾਂ ਜੋ ਉਹ ਵਧੀਆ ਪੜ੍ਹ ਲਿਖ ਕੇ ਚੰਗੇ ਮੁਕਾਮ ਨੂੰ ਹਾਸਲ ਕਰ ਸਕਣ ਅਤੇ ਅਪਣੇ ਮਾਪਿਆਂ ਦਾ ਨਾਂਅ ਰੌਸ਼ਨ ਕਰ ਸਕਣ।

ਫੋਟੋ ਕੈਪਸਨ ਵੇਰਵਾ: ਹਰਜਿੰਦਰ ਸਿੰਘ ਸੋਨੀ ਝਬਾਲ

ਖਾਲਸਾ ਕਾਲਜ ਗੁਰਦਾਸਨੰਗਲ ਦਾ ਬੀ ਏ, ਬੀ ਐੱਸ ਸੀ ਸਮੈਸਟਰ ਤੀਜਾ ਦਾ ਨਤੀਜਾ ਸ਼ਾਨਦਾਰ

ਧਾਰੀਵਾਲ, (ਮਨਦੀਪ ਸਿੰਘ ਵਿੱਕੀ) -ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਵਿੱਦਿਆ ਸਕੱਤਰ ਸੁਖਮਿੰਦਰ ਸਿੰਘ ਦੀ ਸਰਪ੍ਰਸਤੀ ਅਤੇ ਪ੍ਰਿੰਸੀਪਲ ਡਾ.ਗੁਰਜੀਤ ਸਿੰਘ ਦੀ ਦੇਖ ਰੇਖ ਅਧੀਨ ਚੱਲ ਰਹੇ ਬਾਬਾ ਅਜੈ ਸਿੰਘ ਖਾਲਸਾ ਕਾਲਜ ਗੁਰਦਾਸਨੰਗਲ ਦਾ ਬੀ ਏ, ਬੀ ਐੱਸ ਸੀ ਸਮੈਸਟਰ ਤੀਜਾ ਦਾ ਨਤੀਜਾ ਸ਼ਾਨਦਾਰ ਰਿਹਾ ।

ਇਸ ਸਬੰਧੀ ਕਾਲਜ ਪ੍ਰਿੰਸੀਪਲ ਡਾ. ਗੁਰਜੀਤ ਸਿੰਘ ਨੇ ਦੱਸਿਆ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਲੋਂ ਐਲਾਨੇ ਬੀ.ਏ ਸਮੈਸਟਰ ਤੀਜਾ ਦੇ ਨਤੀਜੇ ਵਿੱਚੋਂ ਬਾਬਾ ਅਜੈ ਸਿੰਘ ਖਾਲਸਾ ਕਾਲਜ ਦੀ ਵਿਦਿਆਰਥਣ ਮਨਪ੍ਰੀਤ ਕੌਰ ਨੇ 72% ਨੰਬਰ ਲੈ ਕੇ ਕਾਲਜ ਵਿੱਚੋਂ ਪਹਿਲਾ ਸਥਾਨ, ਅਮਨਦੀਪ ਨੇ 65 % ਲੈ ਕੇ ਦੂਸਰਾ ਸਥਾਨ ਅਤੇ ਕਿਰਨਦੀਪ ਕੌਰ ਨੇ 64% ਅੰਕ ਲੈ ਕੇ ਤੀਸਰਾ ਸਥਾਨ ਹਾਸਲ ਕੀਤਾ ਹੈ। ਬੀ.ਐੱਸ.ਸੀ ਵਿੱਚੋਂ ਪ੍ਰਭਜੋਤ ਕੌਰ ਨੇ 79 ਪ੍ਰਤੀਸ਼ਤ ਅੰਕ ਲੈ ਕੇ ਕਾਲਜ ਵਿੱਚੋਂ ਪਹਿਲਾ ਸਥਾਨ, ਹਰਮਨਪ੍ਰੀਤ ਕੌਰ ਨੇ 67% ਅੰਕਾਂ ਨਾਲ ਦੂਸਰਾ ਅਤੇ ਨਵਪ੍ਰੀਤ ਕੌਰ ਨੇ 66% ਅੰਕ ਨਾਲ ਤੀਸਰਾ ਸਥਾਨ ਹਾਸਲ ਕੀਤਾ ਹੈ। ਪ੍ਰਿੰਸੀਪਲ ਡਾ.ਗੁਰਜੀਤ ਸਿੰਘ ਨੇ ਦੱਸਿਆ ਕਿ ਕਾਲਜ ਦਾ ਸਮੁੱਚਾ ਸਟਾਫ ਵਿਦਿਆਰਥੀ ਵਰਗ ਦੇ ਸਰਵਪੱਖੀ ਵਿਕਾਸ ਲਈ ਹਮੇਸ਼ਾ ਯਤਨਸ਼ੀਲ ਹੈ। ਉਨ੍ਹਾਂ ਚੰਗੇ ਨੰਬਰ ਲੈ ਕੇ ਕਾਲਜ ਦਾ ਨਾਂਅ ਰੌਸ਼ਨ ਕਰਨ ਵਾਲੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਤਾ-ਪਿਤਾ ਨੂੰ ਵਧਾਈ ਦਿੱਤੀ ਤੇ ਰੌਸ਼ਨ ਭਵਿੱਖ ਦੀ ਕਾਮਨਾ ਕੀਤੀ। ਇਸ ਮੌਕੇ ਕਾਲਜ ਦੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

ਲਖਵਿੰਦਰ ਕੌਰ ਪੱਡੇ ਸਰਕਲ ਫੇਰੂਮਾਨ ਦੀ ਪ੍ਰਧਾਨ ਨਿਯੁਕਤ

ਬਾਬਾ ਬਕਾਲਾ ਸਾਹਿਬ 28 ਮਾਰਚ (ਜਸਪਾਲ ਸਿੰਘ) ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਬੀਬਾ ਹਰਸਿਮਰਤ ਕੌਰ ਬਾਦਲ, ਬਿਕਰਮਜੀਤ ਸਿੰਘ ਮਜੀਠੀਆ ਅਤੇ ਜ਼ਿਲ੍ਹਾ ਅੰਮ੍ਰਿਤਸਰ ਦਿਹਾਤੀ ਪ੍ਰਧਾਨ ਰਾਜਵਿੰਦਰ ਸਿੰਘ ਰਾਜਾ ਲਦੇਹ, ਇਸਤਰੀ ਅਕਾਲੀ ਦਲ ਦੀ ਪ੍ਰਧਾਨ ਬੀਬੀ ਹਰਗੋਬਿੰਦ ਕੌਰ ਵਲੋਂ ਹੋਏ ਆਦੇਸ਼ਾਂ ਮੁਤਾਬਕ ਹਲਕਾ ਬਾਬਾ ਬਕਾਲਾ ਸਾਹਿਬ ਵਿੱਚ ਸਾਬਕਾ ਵਿਧਾਇਕ ਜਥੇਦਾਰ ਬਲਜੀਤ ਸਿੰਘ ਜਲਾਲ ਉਸਮਾਂ ਵੱਲੋਂ ਨਵੇਂ ਬਣੇ ਸਰਕਲਾਂ ਪਿੰਡਾਂ ਦੀਆਂ ਕਮੇਟੀਆਂ ਬਣਾਈਆਂ ਜਾ ਰਹੀਆਂ ਹਨ । ਅੱਜ ਲੱਖਾ ਸਿੰਘ ਪੱਡਾ ਦੇ ਗ੍ਰਹਿ ਵਿਖੇ ਇਸਤਰੀ ਅਕਾਲੀ ਦਲ ਦੀ ਮੀਟਿੰਗ ਬੀਬੀ ਗੁਰਵਿੰਦਰ ਕੌਰ ਜਲਾਲ ਉਸਮਾਂ ਦੀ ਅਗਵਾਈ ਹੇਠ ਕੀਤੀ ਗਈ, ਜਿਸ ਵਿੱਚ ਸਰਬਸੰਮਤੀ ਨਾਲ ਬੀਬੀ ਲਖਵਿੰਦਰ ਕੌਰ ਪੱਡੇ ਨੂੰ ਸਰਕਲ ਫੇਰੂਮਾਨ ਦੇ ਬੀ.ਸੀ. ਵਿੰਗ ਦੀ ਸੀ: ਮੀਤ ਪ੍ਰਧਾਨ, ਪਿੰਡ ਪੱਡੇ ਦੀ ਕਮੇਟੀ ਦੀ ਪ੍ਰਧਾਨ ਬੀਬੀ ਦਲਬੀਰ ਕੌਰ (ਜਨਰਲ ਵਿੰਗ), ਬੀਬੀ ਰਣਧੀਰ ਕੌਰ ਨੂੰ ਐਸ.ਸੀ. ਵਿੰਗ ਦੀ ਪ੍ਰਧਾਨ ਬਣਾਇਆ ਗਿਆ । ਇਸ ਮੌਕੇ ਬੀਬੀ ਹਰਜੀਤ ਕੌਰ, ਗੁਰਮੀਤ ਕੌਰ, ਸਵਰਨ ਕੌਰ, ਵੀਰ ਕੌਰ, ਰਣਜੀਤ ਕੌਰ, ਗੁਰਜੀਤ ਕੌਰ, ਗੁਰਮੀਤ ਕੌਰ, ਸੁੱਖਵਿੰਦਰ ਕੌਰ, ਵਰਿੰਦਰ ਕੌਰ, ਰਾਜਵਿੰਦਰ ਕੌਰ, ਕਰਮ ਕੌਰ ਨੂੰ ਕਮੇਟੀ ਮੈਂਬਰ ਬਣਾਇਆ ਗਿਆ, ਇਸ ਸਮੇਂ ਲੱਖਾ ਸਿੰਘ ਪੱਡੇ, ਹੀਰਾ ਸਿੰਘ ਗਗੜੇਵਾਲ, ਦਲਜੀਤ ਸਿੰਘ, ਮੁਖਤਾਰ ਸਿੰਘ, ਦਿਆਲ ਸਿੰਘ, ਰਾਮ ਸਿੰਘ, ਸੁਰਜਤਿ ਸਿੰਘ ਮੈਂਬਰ, ਮਾ: ਸੁਰਜੀਤ ਸਿੰਘ, ਪੂਰਨ ਸਿੰਘ, ਮੇਜਰ ਸਿੰਘ, ਪਿਆਰਾ ਸਿੰਘ, ਜਗਤਾਰ ਸਿੰਘ ਸਾ: ਸਰਪੰਚ, ਡਾ. ਕਰਨ ਸਿੰਘ, ਸਾਹਬਾ ਫੌਜੀ, ਕਾਕਾ ਅਗਮ ਸਿੰਘ, ਕਾਕਾ ਗੌਰਵ ਸਿੰਘ, ਗੁਰਮੀਤ ਸਿੰਘ, ਸੁਰਜੀਤ ਸਿੰਘ ਮੈਂਬਰ, ਬਚਨ ਸਿੰਘ ਨੰਬਰਦਾਰ, ਮਾ: ਸੁਰਜੀਤ ਸਿੰਘ ਨੇ ਵੀ ਹਾਜ਼ਰੀ ਭਰੀ ।

ਗੁਰਰਾਜਪ੍ਰੀਤ ਕੌਰ ਨੂੰ ਪਹਿਲਾ ਤੇ ਸਹਿਜ ਪ੍ਰੀਤ ਨੂੰ ਦੂਸਰਾ ਸਥਾਨ ਹਾਸਲ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)- ਭਗਤ ਪੂਰਨ ਸਿੰਘ ਆਦਰਸ਼ ਹਾਈ ਸਕੂਲ ਪਿੰਡ ਬੁੱਟਰ ਕਲਾਂ ਦਾ ਨਤੀਜਾ 100 ਫੀਸਦੀ ਰਿਹਾ। ਜਿਸ ਵਿੱਚ ਦੂਸਰੀ ਜਮਾਤ ਦੀ ਗੁਰਰਾਜਪ੍ਰੀਤ ਕੌਰ ਸਪੁੱਤਰੀ ਗੁਰਪ੍ਰੀਤ ਸਿੰਘ ਨੇ ਪਹਿਲਾ ਸਥਾਨ ਹਾਸਲ ਕੀਤਾ ਅਤੇ ਸਹਿਜਪ੍ਰੀਤ ਕੌਰ ਨੇ ਦੂਸਰਾ ਸਥਾਨ ਹਾਸਲ ਕੀਤਾ। ਸਕੂਲ ਪ੍ਰਬੰਧਕਾਂ ਅਤੇ ਅਧਿਆਪਕਾਂ ਵੱਲੋਂ ਸਕੂਲ ਵਿੱਚ ਇੱਕ ਵਿਸ਼ੇਸ਼ ਪ੍ਰੋਗਰਾਮ ਕਰਵਾਇਆ ਗਿਆ ਜਿਸ ਵਿੱਚ ਵੱਖ-ਵੱਖ ਕਲਾਸਾਂ ਦੇ ਬੱਚੇ ਅਤੇ ਉਨ੍ਹਾਂ ਦੇ ਮਾਤਾ-ਪ

ਨਵਾਂ ਜ਼ਮਾਨਾ
ਸ਼ੁੱਕਰਵਾਰ, 29 ਮਾਰਚ 2024

ਨਿਰਪੱਖ ਚੋਣਾਂ ਇੱਕ ਜੁਮਲਾ

ਈ ਡੀ ਤੇ ਸੀ ਬੀ ਆਈ ਤੋਂ ਬਾਅਦ ਹੁਣ ਚੋਣ ਕਮਿਸ਼ਨ ਦੀਆਂ ਕਾਰਵਾਈਆਂ ਇਸ ਗੱਲ ਦਾ ਸੰਕੇਤ ਹੈ ਕਿ ਤਾਨਾਸ਼ਾਹ ਹਾਕਮਾਂ ਨੂੰ ਜਿਤਾਉਣ ਲਈ ਸਾਰੀ ਸਰਕਾਰੀ ਮਸ਼ੀਨਰੀ ਝੋਕ ਦਿੱਤੀ ਗਈ ਹੈ। ਲੋਕ ਸਭਾ ਦੀਆਂ ਚੋਣਾਂ ਲਈ ਚੋਣ ਜ਼ਾਬਤਾ ਲਾਗੂ ਹੈ। ਸਰਕਾਰ ਕੰਮ ਚਲਾਊ ਹੋ ਚੁੱਕੀ ਹੈ। ਉਸ ਉੱਤੇ ਅਜਿਹਾ ਕੋਈ ਵੀ ਫੈਸਲਾ ਲੈਣ ਦੀ ਪਾਬੰਦੀ ਹੈ, ਜਿਹੜਾ ਵੋਟਰਾਂ ਨੂੰ ਪ੍ਰਭਾਵਤ ਕਰਨ ਵਾਲਾ ਜਾਪਦਾ ਹੋਵੇ। ਜਾਪਦਾ ਹੈ ਕਿ ਮੌਜੂਦਾ ਸਰਕਾਰ ਉੱਤੇ ਇਹ ਫੈਸਲਾ ਲਾਗੂ ਨਹੀਂ ਹੈ। ਮੋਦੀ ਸਰਕਾਰ ਨੇ 28 ਮਾਰਚ ਨੂੰ ਇੱਕ ਫ਼ੈਸਲੇ ਰਾਹੀਂ ਮਨਰੇਗਾ ਮਜ਼ਦੂਰਾਂ ਦੀ ਉਜਰਤ ਵਿੱਚ 3 ਤੋਂ 10 ਫ਼ੀਸਦੀ ਦਾ ਵਾਧਾ ਕਰ ਦਿੱਤਾ ਹੈ। ਪਹਿਲੇ ਪੜਾਅ ਲਈ ਨਾਮਜ਼ਦਗੀ ਦਾ ਕੰਮ ਮੁਕੰਮਲ ਹੋ ਚੁੱਕਾ ਹੈ ਤੇ ਇਸ ਲਈ ਵੋਟਾਂ 19 ਅਪ੍ਰੈਲ ਨੂੰ ਪੈਣਗੀਆਂ। ਮਨਰੇਗਾ ਮਜ਼ਦੂਰੀ ਵਿੱਚ ਵਾਧਾ ਇੱਕ ਅਪ੍ਰੈਲ ਤੋਂ ਸ਼ੁਰੂ ਹੋ ਜਾਵੇਗਾ। ਸਰਕਾਰ ਨੇ ਇਸ ਬਾਰੇ ਆਰਡੀਨੈਂਸ ਜਾਰੀ ਕਰਨ ਦੀ ਮਨਜ਼ੂਰੀ ਚੋਣ ਕਮਿਸ਼ਨ ਤੋਂ ਮੰਗੀ ਸੀ। ਚੋਣ ਕਮਿਸ਼ਨ ਨੇ ਬਿਨਾਂ ਕਿਸੇ ਹੀਲ-ਹੁੱਜਤ ਦੇ ਇਹ ਮਨਜ਼ੂਰੀ ਤੁਰੰਤ ਦੇ ਦਿੱਤੀ ਸੀ।

ਇਹ ਸਾਫ਼ ਹੈ ਕਿ ਸਰਕਾਰ ਨੇ ਮਨਰੇਗਾ ਮਜ਼ਦੂਰੀ ਵਿੱਚ ਵਾਧਾ ਕਾਂਗਰਸ ਦੀ ਇਸ ਬਾਰੇ 'ਗਰੰਟੀ' ਨੂੰ ਖੁੰਢਾ ਕਰਨ ਲਈ ਕੀਤਾ ਹੈ। ਕਾਂਗਰਸ ਨੇ ਆਪਣੇ ਚੋਣ ਮੈਨੀਫੈਸਟੋ ਵਿੱਚ 'ਮਜ਼ਦੂਰ ਨਿਆਏ ਗਰੰਟੀ' ਦੇ ਨਾਂਅ ਹੇਠ ਮਨਰੇਗਾ ਮਜ਼ਦੂਰਾਂ ਦੀ ਘੱਟੋ-ਘੱਟ ਉਜਰਤ 400 ਰੁਪਏ ਦਿਹਾੜੀ ਕਰਨ ਦਾ ਐਲਾਨ ਕੀਤਾ ਹੋਇਆ ਹੈ।

ਪਿਛਲੇ ਮਹੀਨੇ ਇੱਕ ਸੰਸਦੀ ਕਮੇਟੀ ਨੇ ਕੇਂਦਰ ਸਰਕਾਰ ਨੂੰ ਮਨਰੇਗਾ ਮਜ਼ਦੂਰਾਂ ਦੀ ਉਜਰਤ ਵਧਾਉਣ ਦੀ ਸਿਫ਼ਾਰਸ਼ ਕੀਤੀ ਸੀ, ਪਰ ਸਰਕਾਰ ਨੇ ਫਰਵਰੀ ਦਾ ਪੂਰਾ ਮਹੀਨਾ ਚੁੱਪ ਵੱਟੀ ਰੱਖੀ ਤੇ ਐਨ ਚੋਣਾਂ ਮੌਕਾ ਇਸ ਦਾ ਐਲਾਨ ਕਰ ਦਿੱਤਾ। ਸਰਕਾਰ ਦੇ ਇਸ ਫੈਸਲੇ ਨਾਲ ਵੱਖ-ਵੱਖ ਰਾਜਾਂ ਵਿੱਚ ਮਨਰੇਗਾ ਮਜ਼ਦੂਰੀ ਵਿੱਚ 7 ਰੁਪਏ ਤੋਂ 30 ਰੁਪਏ ਦਾ ਵਾਧਾ ਹੋਵੇਗਾ। ਸਰਕਾਰ ਨੇ ਮਜ਼ਦੂਰੀ ਵਿੱਚ ਵਾਧਾ ਕਰਨ ਸਮੇਂ ਅਜਿਹਾ ਪੈਮਾਨਾ ਤੈਅ ਕੀਤਾ ਹੈ, ਜਿਸ ਨਾਲ ਸੱਪ ਵੀ ਮਰ ਜਾਏ ਤੇ ਸੋਟੀ ਵੀ ਨਾ ਟੁੱਟੇ। ਉਦਾਹਰਨ ਵਜੋਂ ਗੋਆ ਵਿੱਚ ਮਨਰੇਗਾ ਮਜ਼ਦੂਰ ਨਾਮਾਤਰ ਹਨ, ਉਥੇ ਵਾਧਾ 10.6 ਫ਼ੀਸਦੀ ਯਾਨਿ 30 ਰੁਪਏ ਦਿਹਾੜੀ ਕੀਤਾ ਗਿਆ ਹੈ। ਇਸੇ ਤਰ੍ਹਾਂ ਕਰਨਾਟਕ, ਗੋਆ, ਮੇਘਾਲਿਆ ਤੇ ਮਨੀਪੁਰ ਵਿੱਚ ਵੀ ਮਨਰੇਗਾ ਮਜ਼ਦੂਰ ਬਹੁਤ ਘੱਟ ਹਨ, ਉਥੇ ਵਾਧਾ 24 ਰੁਪਏ ਹੋਵੇਗਾ। ਯੂ ਪੀ ਤੇ ਬਿਹਾਰ ਵਿੱਚ ਮਨਰੇਗਾ ਮਜ਼ਦੂਰਾਂ ਦੀ ਗਿਣਤੀ ਬਹੁਤ ਵੱਡੀ ਹੈ ਤੇ ਗਰੀਬੀ ਵੀ ਜ਼ਿਆਦਾ ਹੈ, ਉਥੇ ਵਾਧਾ 7 ਰੁਪਏ ਕੀਤਾ ਗਿਆ ਹੈ। ਅਸਲ ਵਿੱਚ ਮਕਸਦ ਸਾਫ਼ ਹੈ ਕਿ ਇਨ੍ਹਾਂ ਮਜ਼ਦੂਰਾਂ ਦੇ ਖਾਤਿਆਂ ਵਿੱਚ ਪੈਸੇ ਵੋਟਾਂ ਪੈਣ ਵਾਲੇ ਦਿਨ ਤੋਂ ਐਨ ਪਹਿਲਾਂ ਪਾਏ ਜਾਣਗੇ। ਯੂ ਪੀ, ਬਿਹਾਰ ਵਾਲਿਆਂ ਲਈ ਤਾਂ 7 ਰੁਪਏ ਵੀ ਬਹੁਤ ਹਨ ਤੇ ਗੋਆ, ਮਨੀਪੁਰ ਵਾਲਿਆਂ ਲਈ 7 ਰੁਪਏ ਕੁਝ ਵੀ ਨਹੀਂ, ਇਸ ਲਈ ਵੋਟਰਾਂ ਨੂੰ ਹੈਸੀਅਤ ਮੁਤਾਬਕ ਲਾਲਚ ਦਿੱਤਾ ਜਾਵੇਗਾ । ਇਸ ਤੋਂ ਅਗਲਾ ਕਦਮ ਕਿਸਾਨਾਂ ਦੇ ਖਾਤੇ ਵਿੱਚ ਦੋ ਹਜ਼ਾਰ ਰੁਪਏ ਪਾਉਣ ਦਾ ਹੋਵੇਗਾ। ਸਾਲ 2023 ਦੀ ਆਖਰੀ ਕਿਸ਼ਤ ਵੀ ਐਨ ਵੋਟਾਂ ਮੌਕੇ ਪਾਈ ਜਾਵੇਗੀ। ਚੋਣ ਕਮਿਸ਼ਨ ਨੂੰ ਕੋਈ ਇਤਰਾਜ਼ ਨਹੀਂ, ਕਿਉਂਕਿ ਉਸ ਲਈ ਨਿਰਪੱਖ ਚੋਣਾਂ ਕਰਾਉਣ ਦਾ ਭਰੋਸਾ ਸਿਰਫ਼ ਇੱਕ ਜੁਮਲਾ ਹੈ।

-ਚੰਦ ਫਤਿਹਪੁਰੀ

ਕਾਰਪੋਰੇਟ ਪੱਖੀ, ਫਿਰਕੂ-ਫਾਸ਼ੀ ਸੱਤਾ ਤੋਂ ਮੁਕਤੀ ਦਾ ਸੁਨਹਿਰੀ ਮੌਕਾ

ਮੰਗਤ ਰਾਮ ਪਾਸਲਾ

ਲੋਕ ਸਭਾ ਚੋਣਾਂ ਦੀਆਂ ਤਰੀਕਾਂ ਦਾ ਐਲਾਨ ਹੋ ਚੁੱਕਾ ਹੈ। ਵੋਟਾਂ ਪੈਣ ਦੀ ਪ੍ਰਕਿਰਿਆ ਨੂੰ 7 ਹਿੱਸਿਆਂ 'ਚ ਵੰਡਿਆ ਗਿਆ ਹੈ। ਚੋਣ ਨਤੀਜੇ 4 ਜੂਨ ਨੂੰ ਐਲਾਨੇ ਜਾਣਗੇ। ਹਾਲਾਂਕਿ ਚੋਣ ਕਮਿਸ਼ਨ ਨੇ ਨਿਰਪੱਖ ਤੇ ਸ਼ਾਂਤੀਪੂਰਨ ਚੋਣਾਂ ਕਰਾਉਣ ਦਾ ਐਲਾਨ ਕਰਦਿਆਂ ਚੋਣਾਂ ਜਿੱਤਣ ਲਈ ਪੈਸੇ ਤੇ ਬਾਹੂਬਲੀ ਦੀ ਵਰਤੋਂ ਉਪਰ ਪਾਬੰਦੀ ਲਗਾਉਣ ਦਾ ਦਾਅਵਾ ਕੀਤਾ ਹੈ, ਪ੍ਰੰਤੂ ਚੋਣ ਕਮਿਸ਼ਨ ਦੀ ਪਿਛਲੀ ਪੱਖਪਾਤੀ ਕਾਰਗੁਜ਼ਾਰੀ ਤੋਂ ਇਸ ਦੇ ਦਾਅਵਿਆਂ ਦੀ ਭਰੋਸੇਯੋਗਤਾ ਬਾਰੇ ਸ਼ੰਕਾ ਜ਼ਰੂਰ ਉਤਪਨ ਹੁੰਦੀ ਹੈ। ਆਰ.ਐੱਸ.ਐੱਸ., ਭਾਜਪਾ ਤੇ ਸੰਘ ਪਰਵਾਰ ਨਾਲ ਸੰਬੰਧਤ ਹੋਰ ਸੰਗਠਨਾਂ ਦੇ ਕਾਰਕੁਨਾਂ ਵੱਲੋਂ ਜਿਵੇਂ ਪਿਛਲੇ ਸਮੇਂ ਦੌਰਾਨ ਚੋਣਾਂ ਜਿੱਤਣ ਲਈ ਹੀ ਨਹੀਂ, ਬਲਕਿ ਆਪਣੇ 'ਸੁਪਨਿਆਂ' ਦਾ ਧਰਮ ਅਧਾਰਤ (ਹਿੰਦੂਤਵੀ) ਗੈਰ ਲੋਕ ਰਾਜੀ ਪ੍ਰਬੰਧ ਸਥਾਪਤ ਕਰਨ ਲਈ ਨਫਰਤੀ, ਹਿੰਸਕ ਤੇ ਗੁੰਡਾਗਰਦੀ ਦੀਆਂ ਕਾਰਵਾਈਆਂ ਕੀਤੀਆਂ ਗਈਆਂ ਹਨ, ਉਸ ਤੋਂ ਸਾਵੀਂ ਸੋਚਣੀ ਵਾਲੇ ਸਾਰੇ ਲੋਕ ਡਾਢੇ ਫਿਕਰਮੰਦ ਹਨ। ਚੋਣ ਕਮਿਸ਼ਨ ਨੇ ਇਹ ਵਰਤਾਰਾ ਰੋਕਣ ਲਈ ਆਪਣੀ ਬਣਦੀ ਭੂਮਿਕਾ ਨਿਭਾਉਣ ਪੱਖੋਂ ਜਮਹੂਰੀਅਤ ਨੂੰ ਪਿਆਰ ਕਰਨ ਵਾਲਿਆਂ ਨੂੰ ਬਹੁਤ ਨਿਰਾਸ਼ ਕੀਤਾ ਹੈ। ਖੱਬੀਆਂ ਪਾਰਟੀਆਂ ਤੋਂ ਬਿਨਾਂ ਲਗਭਗ ਸਾਰੇ ਹੀ ਰਾਜਸੀ ਦਲ ਧਨਾਢਾਂ ਅਤੇ ਕਾਲੇ ਧੰਦੇ ਵਾਲਿਆਂ ਤੋਂ ਮਾਇਆ ਦੇ ਗੱਫੇ ਲੈਂਦੇ ਹਨ, ਪ੍ਰੰਤੂ ਜਿੰਨੀ ਵੱਡੀ ਮਾਤਰਾ 'ਚ ਤੇ ਜਿਸ ਇਤਰਾਜ਼ਯੋਗ ਢੰਗ ਨਾਲ ਭਾਜਪਾ ਨੇ 'ਚੋਣ ਬਾਂਡਾਂ' ਰਾਹੀਂ ਕਾਰਪੋਰੇਟ ਘਰਾਣਿਆਂ ਤੇ ਕੰਪਨੀਆਂ ਤੋਂ ਚੰਦੇ ਦੇ ਰੂਪ 'ਚ 'ਜਜ਼ੀਆ' ਵਸੂਲ ਕੀਤਾ ਹੈ, ਉਹ ਲੋਕਤੰਤਰ ਲਈ ਗੰਭੀਰ ਖ਼ਤਰਿਆਂ ਦਾ ਲਖ਼ਾਇਕ ਹੈ। ਬਿਨਾਂ ਸ਼ੱਕ ਇਹ ਸਾਰਾ ਧਨ ਵਿਕਣ ਲਈ ਤਿਆਰ-ਬਰ-ਤਿਆਰ ਦਲ-ਬਦਲੂਆਂ ਨੂੰ ਖਰੀਦਣ, ਵੋਟਰਾਂ ਨੂੰ ਲਾਲਚ ਦੇਣ ਤੇ ਹਰ ਢੰਗ ਨਾਲ ਚੋਣਾਂ ਜਿੱਤਣ ਲਈ ਹੀ ਵਰਤਿਆ ਜਾਣ ਲਈ ਫਹੁੜਿਆਂ ਨਾਲ ਹੂੰਝਿਆ ਗਿਆ ਹੈ। ਦੇਸ਼ ਦੀ ਸਰਵ ਉੱਚ ਅਦਾਲਤ ਸਾਹਮਣੇ 'ਸਟੇਟ ਬੈਂਕ ਆਫ ਇੰਡੀਆ' ਵੱਲੋਂ ਪੇਸ਼ ਕੀਤੀ ਗਈ ਰਿਪੋਰਟ ਤੋਂ ਸਾਫ਼ ਜ਼ਾਹਿਰ ਹੁੰਦਾ ਹੈ ਕਿ ਹਾਕਮ ਭਾਜਪਾ ਵੱਲੋਂ 'ਚੋਣ ਬਾਂਡਾਂ' ਰਾਹੀਂ ਜਬਰੀ ਧਨ ਇਕੱਠਾ ਕਰਨ ਲਈ ਅਨੇਕਾਂ ਕੰਪਨੀਆਂ ਤੇ ਕਾਰਪੋਰੇਟ ਘਰਾਣਿਆਂ ਵਿਰੁੱਧ ਈ.ਡੀ., ਸੀ.ਬੀ.ਆਈ. ਤੇ ਇਨਕਮ ਟੈਕਸ ਵਿਭਾਗ ਆਦਿ ਰਾਹੀਂ ਛਾਪੇਮਾਰੀ ਕਰਵਾਈ ਗਈ। ਇਸ ਤੋਂ ਇਲਾਵਾ ਬਾਂਡ ਖਰੀਦਣ ਵਾਲੇ ਅਨੇਕਾਂ ਧਨ-ਕੁਬੇਰਾਂ ਨੂੰ ਇਸ ਦੇ ਇਵਜ਼ ਵੱਡੇ-ਵੱਡੇ ਮੁਨਾਫਾ ਬਖਸ਼ ਪ੍ਰਾਜੈਕਟ ਸੌਂਪੇ ਗਏ। ਸਰਕਾਰੀ ਏਜੰਸੀਆਂ ਦੀ ਦੁਰਵਰਤੋਂ ਦੀ ਇਹ ਸਹੂਲਤ ਸਿਰਫ ਭਾਜਪਾ ਕੋਲ ਹੀ ਹੈ। ਚੋਣਾਂ ਜਿੱਤਣ ਲਈ ਈ.ਵੀ.ਐੱਮ. ਦੀ ਦੁਰਵਰਤੋਂ ਬਾਰੇ ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਪੱਧਰ 'ਤੇ ਪ੍ਰਗਟਾਏ ਜਾ ਰਹੇ ਸ਼ੰਕਿਆ ਦਾ ਆਪਣੀ ਪ੍ਰੈੱਸ ਕਾਨਫਰੰਸ 'ਚ ਚੋਣ ਕਮਿਸ਼ਨ ਵੱਲੋਂ ਦਿੱਤਾ ਗਿਆ ਹਾਕਮ ਧਿਰ ਵਰਗਾ ਜਵਾਬ ਚੋਣ ਧਾਂਦਲੀਆਂ ਕੀਤੇ ਜਾਣ ਦੇ ਭੈਅ ਨੂੰ ਨਵਿਰਤ ਕਰਨ ਦੀ ਥਾਂ ਹੋਰ ਬਲ ਦਿੰਦਾ ਹੈ। ਮੌਜੂਦਾ ਲੋਕਰਾਜੀ ਪ੍ਰਣਾਲੀ ਦੀਆਂ ਜਮਾਤੀ ਸੀਮਾਵਾਂ ਤੋਂ ਰਾਜਨੀਤੀ ਦੇ ਕਕਹਿਰੇ ਦੀ ਸੂਝ ਰੱਖਣ ਵਾਲੇ ਲੋਕ ਭਲੀ-ਭਾਂਤ ਜਾਣੂੰ ਹਨ, ਪ੍ਰੰਤੂ ਸੱਤਾਧਾਰੀਆਂ ਦਾ 'ਸੰਘ' ਦੀ ਫਾਸ਼ੀ-ਫਿਰਕੂ ਵਿਚਾਰਧਾਰਾ ਨਾਲ ਲੈਸ ਹੋਣਾ ਸਥਿਤੀ ਨੂੰ ਹੋਰ ਵੀ ਗੰਭੀਰ ਬਣਾ ਦਿੰਦਾ ਹੈ। ਸਾਰੀਆਂ ਵਿਪਰੀਤ ਸਥਿਤੀਆਂ ਦੇ ਬਾਵਜੂਦ ਭਾਰਤੀ ਲੋਕਾਂ ਲਈ ਇਹ ਲੋਕ ਸਭਾ ਚੋਣਾਂ ਇਕ ਅਜਿਹਾ ਮੌਕਾ ਜ਼ਰੂਰ ਹਨ, ਜਿਸ ਦੀ ਵਰਤੋਂ ਕਰਕੇ ਦੇਸ਼ ਦੇ ਧਰਮ ਨਿਰਪੱਖ, ਲੋਕ ਰਾਜੀ ਤੇ ਸੰਘਾਤਮਕ ਢਾਂਚੇ ਅਤੇ ਮੌਜੂਦਾ ਸੰਵਿਧਾਨ ਦੀ ਰਾਖੀ ਕੀਤੀ ਜਾ ਸਕਦੀ ਹੈ।

ਚੋਣਾਂ ਅੰਦਰ ਮੁੱਖ ਮੁਕਾਬਲਾ ਭਾਜਪਾ ਦੀ ਅਗਵਾਈ ਹੇਠਲੇ ਗਠਜੋੜ 'ਕੌਮੀ ਜਮਹੂਰੀ ਮੁਹਾਜ਼' (ਐੱਨ.ਡੀ.ਏ.) ਅਤੇ ਗੈਰ-ਭਾਜਪਾ ਵਿਰੋਧੀ ਦਲਾਂ ਦੇ ਗਠਜੋੜ 'ਇੰਡੀਆ' (ਆਈ ਐੱਨ ਡੀ ਆਈ ਏ) ਦਰਮਿਆਨ ਹੈ। ਕਈ ਹਲਕਿਆਂ 'ਚ ਕੁਝ ਗੈਰ-ਭਾਜਪਾ ਦਲਾਂ ਵਿਚਕਾਰ ਕਿਸੇ ਪ੍ਰਵਾਨਤ ਸਮਝੌਤੇ 'ਤੇ ਨਾ ਪੁੱਜ ਸਕਣ ਕਾਰਨ ਚੋਣ ਜੰਗ ਤਿਕੋਛੀ ਹੋਣ ਦੀ ਸੰਭਾਵਨਾ ਵੀ ਮੌਜੂਦ ਹੈ।

ਖੱਬੇ-ਪੱਖੀਆਂ ਦਾ ਪੱਛਮੀ ਬੰਗਾਲ ਤੇ ਕੇਰਲਾ 'ਚ ਭਾਜਪਾ ਤੇ ਇਸ ਦੇ ਸਹਿਯੋਗੀਆਂ ਦੇ ਨਾਲ ਹੀ 'ਇੰਡੀਆ' ਗਠਜੋੜ ਦੀਆਂ ਧਿਰਾਂ ਨਾਲ ਵੀ ਮੁਕਾਬਲਾ ਹੈ। ਇਸ ਤ੍ਰੇੜ ਦਾ ਭਾਜਪਾ ਗਠਜੋੜ ਕਿੰਨਾ ਕੁ ਲਾਹਾ ਲੈ ਸਕਦਾ ਹੈ, ਇਹ ਤਾਂ ਸਮਾਂ ਹੀ ਦੱਸੇਗਾ। ਉਂਝ ਮੋਟੇ ਰੂਪ 'ਚ 'ਇੰਡੀਆ' ਗਠਜੋੜ 'ਚ ਜ਼ਿਆਦਾਤਰ ਸੀਟਾਂ ਬਾਰੇ ਆਪਸੀ ਸਹਿਮਤੀ ਬਣ ਗਈ ਹੈ, ਜੋ ਸ਼ੁਭ ਸੰਕੇਤ ਹੈ। ਆਪਣੀ ਵੱਖਰੀ ਡਫਲੀ ਵਜਾ ਰਹੇ ਬਸਪਾ ਅਤੇ ਕੁਝ ਹੋਰ ਛੋਟੇ ਦਲਾਂ ਦਾ ਮੁੱਖ ਮਕਸਦ ਭਾਜਪਾ ਦੀ ਮਦਦ ਕਰਨਾ ਤੇ ਭਾਜਪਾ ਵਿਰੋਧੀ ਵੋਟਾਂ ਦੀ ਵੰਡ ਰਾਹੀਂ 'ਇੰਡੀਆ' ਗਠਜੋੜ ਨੂੰ ਨੁਕਸਾਨ ਪੁਚਾਉਣਾ ਹੈ। ਦੋਨਾਂ ਪਾਸਿਆਂ ਦੇ ਮੌਕਾਪ੍ਰਸਤ ਰਾਜਨੀਤੀਵਾਨਾਂ ਵੱਲੋਂ ਦਲ-ਬਦਲੀਆਂ ਦਾ ਦੌਰ ਵੀ ਜਾਰੀ ਹੈ, ਜਿਸ ਨੂੰ ਦੇਖ ਕੇ ਲੋਕ ਰਾਜੀ ਢਾਂਚੇ ਬਾਰੇ ਆਮ ਲੋਕਾਂ ਦਾ ਵਿਸ਼ਵਾਸ ਅਕਸਰ ਹੀ ਡਗਮਗਾ ਜਾਂਦਾ ਹੈ। ਅਜਿਹੀ ਬੇਵਿਸ਼ਵਾਸੀ ਵਾਲੀ ਰਾਜਸੀ ਸਥਿਤੀ ਦਾ ਲਾਹਾ ਲੈ ਕੇ ਫਿਰਕੂ-ਫਾਸ਼ੀ ਧਿਰਾਂ ਕਈ ਵਾਰ ਸੱਤਾ ਹਥਿਆਉਣ 'ਚ ਸਫਲ ਵੀ ਹੋ ਜਾਂਦੀਆਂ ਹਨ। ਸਾਨੂੰ ਲੋਕਾਂ ਦੀ ਇਸ ਮਾਨਸਿਕਤਾ ਨੂੰ ਸਮਝਦਿਆਂ ਹੋਇਆਂ ਜਿੱਥੇ ਸੰਘ ਸਮਰਥਤ ਟੋਲੇ ਨੂੰ ਵਿਚਾਰਧਾਰਕ ਤੇ ਰਾਜਨੀਤਕ ਤੌਰ 'ਤੇ ਬੇਪਰਦ ਕਰਨ ਦੀ ਜ਼ਰੂਰਤ ਹੈ, ਉਥੇ ਲੋਕਾਂ ਪ੍ਰਤੀ ਸਮਰਪਤ ਅਸੂਲੀ ਰਾਜਨੀਤੀ ਦੇ ਅਲੰਬਰਦਾਰ ਬਣ ਕੇ ਵਿਚਰਨ ਦੀ ਵੀ ਲੋੜ ਹੈ।

ਸੰਘ ਪਰਵਾਰ ਨੇ ਲੋਕ ਸਭਾ ਚੋਣਾਂ ਜਿੱਤਣ ਵਾਸਤੇ ਚੋਣ ਪ੍ਰਚਾਰ ਕਾਫੀ ਲੰਮੇ ਸਮੇਂ ਤੋਂ ਸ਼ੁਰੂ ਕੀਤਾ ਹੋਇਆ ਹੈ। ਪ੍ਰਧਾਨ ਮੰਤਰੀ ਮੋਦੀ ਇਕ ਪਾਸੇ ਜਿੱਥੇ ਲਗਾਤਾਰ ਰੈਲੀਆਂ ਤੇ ਰੋਡ ਸ਼ੋਅ ਕਰਕੇ ਆਪਣੀ ਸਰਕਾਰ ਦਾ ਝੂਠਾ ਗੁਣਗਾਨ ਕਰਨ 'ਚ ਮਸ਼ਰੂਫ ਹਨ, ਉੱਥੇ ਨਾਲ ਹੀ ਬਿਨਾਂ ਕਿਸੇ ਠੋਸ ਅੰਕੜਿਆਂ ਤੋਂ ਨਿਰੀ ਚਿੱਕੜ ਉਛਾਲੀ ਰਾਹੀਂ ਵਿਰੋਧੀ ਧਿਰਾਂ ਨੂੰ ਪਾਣੀ ਪੀ-ਪੀ ਕੇ ਨਿੰਦਣ 'ਚ ਵੀ ਪਿੱਛੇ ਨਹੀਂ ਹਨ। 'ਗੋਦੀ ਮੀਡੀਆ' ਪੂਰੀ ਬੇਸ਼ਰਮੀ ਨਾਲ ਹਰ ਝੂਠ ਨੂੰ ਸੱਚ ਦੱਸ ਕੇ ਮੋਦੀ ਸਰਕਾਰ ਦੇ ਸੋਹਲੇ ਗਾ ਰਿਹਾ ਹੈ। ਸੰਘ ਸਮਰਥਤ ਮੀਡੀਆ ਤੇ ਭਾਜਪਾ ਦੇ ਉਜੱਡ ਕਿਸਮ ਦੇ ਨਿਰਲੱਜ ਬੁਲਾਰੇ ਯੋਜਨਾਬੱਧ ਢੰਗਾਂ ਨਾਲ ਸਮਾਜ ਦਾ ਫਿਰਕੂ ਲੀਹਾਂ 'ਤੇ ਧਰੁਵੀਕਰਨ ਕਰਨ ਲਈ ਬਹੁਤ ਹੀ ਉਤੇਜਨਾ ਭਰੀਆਂ ਬਹਿਸਾਂ ਅੰਦਰ ਜ਼ਹਿਰੀਲਾ ਵੰਡਵਾਦੀ ਵਿਖਿਆਨ ਜਾਰੀ ਕਰ ਰਹੇ ਹਨ। ਧਾਰਮਕ ਘੱਟ ਗਿਣਤੀਆਂ ਤੇ ਜਮਹੂਰੀ ਵਿਚਾਰਾਂ ਵਾਲੇ ਦਲਾਂ ਤੇ ਕੱਦਾਵਾਰ ਸ਼ਖਸੀਅਤਾਂ ਬਾਰੇ ਹਰ ਕਿਸਮ ਦਾ ਕੁਸੱਤ ਬੋਲਿਆ ਜਾ ਰਿਹਾ ਹੈ। ਆਰ ਐੱਸ ਐੱਸ ਦਾ ਗੁੰਦਵਾਂ ਜਥੇਬੰਦਕ ਢਾਂਚਾ, ਜਿਹੜਾ ਉਸ ਨੇ ਫਿਰਕੂ ਪ੍ਰਚਾਰ ਤੇ ਹਰ ਤਰ੍ਹਾਂ ਦਾ ਝੂਠ ਬੋਲ ਕੇ ਪਿਛਲੇ 99 ਸਾਲਾਂ 'ਚ ਉਸਾਰਿਆ ਹੈ, ਭਾਜਪਾ ਗਠਜੋੜ ਦੀ ਚੋਣ ਮਸ਼ੀਨਰੀ ਦਾ ਆਧਾਰ ਸਤੰਭ ਹੈ। ਸੰਘ ਸਮਰਥਤ ਧਾਰਮਕ ਡੇਰੇ, ਮੱਠ ਤੇ ਨਾਮ ਨਿਹਾਦ ਧਾਰਮਕ ਗੁਰੂ ਫਿਰਕੂ ਵਿਖਿਆਨਾਂ ਰਾਹੀਂ ਭਾਜਪਾ ਦੇ ਹੱਕ 'ਚ ਲੋਕ ਮਤ ਜੁਟਾਉਣ ਲਈ ਸਾਰੀਆਂ ਸੰਵਿਧਾਨਕ ਸੀਮਾਵਾਂ ਨੂੰ ਉਲੰਘਦੇ ਹੋਏ ਮਾਨਵੀ ਕਦਰਾਂ-ਕੀਮਤਾਂ ਨਾਲ ਖਿਲਵਾੜ ਕਰ ਰਹੇ ਹਨ।

ਬਿਨਾਂ ਸ਼ੱਕ ਭਾਜਪਾ ਦੇ 10 ਸਾਲਾਂ ਦੇ ਕੁਸ਼ਾਸ਼ਨ, ਕਾਰਪੋਰੇਟ ਘਰਾਣਿਆਂ ਦੀ ਨਿਰਲੱਜਤਾ ਨਾਲ ਕੀਤੀ 'ਸੇਵਾ', ਮਜ਼ਦੂਰਾਂ-ਕਿਸਾਨਾਂ ਤੇ ਦੂਸਰੇ ਮਿਹਨਤਕਸ਼ ਲੋਕਾਂ ਦੇ ਹਿੱਤਾਂ ਦੀ ਪੂਰਨ ਰੂਪ 'ਚ ਅਣਦੇਖੀ ਕਰਦਿਆਂ ਅਪਣਾਈਆਂ ਨਵਉਦਾਰਵਾਦੀ ਆਰਥਕ ਨੀਤੀਆਂ ਸਦਕਾ ਲੋਕਾਂ ਦਾ ਵੱਡਾ ਹਿੱਸਾ ਮੋਦੀ ਸਰਕਾਰ ਦੇ ਵਿਰੁੱਧ ਹੈ। ਕੇਂਦਰੀ ਸਰਕਾਰ ਦੀਆਂ ਧਨਵਾਨ ਪੱਖੀ ਆਰਥਕ ਨੀਤੀਆਂ ਸਦਕਾ ਲੱਕ ਤੋੜ ਮਹਿੰਗਾਈ, ਪਿਛਲੇ ਸਾਰੇ ਰਿਕਾਰਡ ਮਾਤ ਪਾਉਂਦੀ ਬੇਰੁਜ਼ਗਾਰੀ, ਜਾਨਲੇਵਾ ਕੁਪੋਸ਼ਨ ਅਤੇ ਉਪਰੋਂ 'ਕੋਹੜ 'ਚ ਖਾਜ' ਵਾਂਗੂੰ ਸਮਾਜਿਕ ਸੁਰੱਖਿਆ ਦੀ ਅਣਹੋਂਦ ਕਾਰਨ ਵਸੋਂ ਦਾ ਹਰ ਤਬਕਾ ਪ੍ਰੇਸ਼ਾਨ ਹੈ। ਸੰਘ ਪਰਵਾਰ ਵੱਲੋਂ ਧਾਰਮਕ ਘੱਟ ਗਿਣਤੀਆਂ, ਦਲਿਤਾਂ, ਔਰਤਾਂ ਤੇ ਅਗਾਂਹਵਧੂ ਧਿਰਾਂ ਉਪਰ ਕੀਤੇ ਜਾ ਰਹੇ ਨਿਰੰਤਰ ਹਮਲਿਆਂ ਕਾਰਨ ਆਮ ਲੋਕ ਚੋਣਾਂ ਅੰਦਰ ਭਾਜਪਾ ਗਠਜੋੜ ਨੂੰ ਇਸ ਦਾ ਢੁਕਵਾਂ ਜਵਾਬ ਦੇਣ ਲਈ ਤਤਪਰ ਦਿਖਾਈ ਦੇ ਰਹੇ ਹਨ। ਕੇਂਦਰ ਸਰਕਾਰ ਨੇ ਜਿਵੇਂ ਕਾਲੇ ਧਨ ਨੂੰ ਚਿੱਟੇ 'ਚ ਬਦਲਣ ਲਈ ਨੋਟਬੰਦੀ ਕੀਤੀ ਸੀ, ਛੋਟੇ ਵਿਉਪਾਰੀਆਂ ਤੇ ਰਾਜਾਂ ਦੇ ਵਿੱਤੀ ਅਧਿਕਾਰਾਂ 'ਤੇ ਜੀ ਐੱਸ ਟੀ ਰਾਹੀਂ ਵਾਰ ਕੀਤੇ ਗਏ ਤੇ ਚੋਣ ਬਾਂਡਾਂ ਤੇ 'ਪ੍ਰਧਾਨ ਮੰਤਰੀ ਕੇਅਰ ਫੰਡ' ਰਾਹੀਂ ਜਬਰੀ 'ਜਜ਼ੀਆ' ਵਸੂਲੀ ਕਰਕੇ ਭ੍ਰਿਸ਼ਟਾਚਾਰ ਦੇ ਨਵੇਂ ਕੀਰਤੀਮਾਨ ਸਥਾਪਤ ਕੀਤੇ ਹਨ, ਉਹਨਾਂ ਸਾਰੇ ਹੱਲਿਆਂ ਤੇ ਨੀਤੀਆਂ ਦਾ ਅਸਰ ਭਾਜਪਾ ਵਿਰੋਧੀ ਜਨਤਕ ਲਹਿਰ ਖੜ੍ਹੀ ਕਰਨ 'ਚ ਖਾਸਾ ਮਦਦਗਾਰ ਸਿੱਧ ਹੋ ਰਿਹਾ ਹੈ। ਪਹਿਲਾਂ ਵੀ ਭਾਜਪਾ ਗਠਜੋੜ ਦੇਸ਼ ਦੇ ਕੁੱਲ ਵੋਟਰਾਂ 'ਚੋਂ ਸਿਰਫ 38 ਕੁ ਫੀਸਦੀ ਦੀ ਹਮਾਇ

29-MAR-PAGE-5.qxd 3/28/2024 10:50 PM Page 1

ਬੁੱਗਾ ਕਲਾਂ ਦੇ ਕਤਲ ਕੇਸ 'ਚ ਭਗੌੜੇ ਮੁਲਜ਼ਮ ਚਾਰ ਘੰਟੇ 'ਚ ਕਾਬੂ

ਜ਼ਮੀਨ ਦੇ ਰੌਲੇ ਕਾਰਨ ਕੀਤਾ ਕਤਲ : ਐੱਸ ਐੱਸ ਪੀ

ਫ਼ਤਹਿਗੜ੍ਹ ਸਾਹਿਬ/ਅਮਲੋਹ (ਪ੍ਰਮੋਦ ਭਾਰਦਵਾਜ/ਲਖਵੀਰ ਸਿੰਘ, ਹਰਚਰਨ ਉੱਪਲ)

ਪੁਲਸ ਚੌਕੀ ਬੁੱਗਾ ਕਲਾਂ ਵਿੱਚ ਬੁੱਧਵਾਰ ਜ਼ਮੀਨ ਦੇ ਝਗੜੇ ਨੂੰ ਲੈ ਕੇ ਭਰਾ ਨੇ ਆਪਣੇ ਭਰਾ ਦੀ ਗੋਲੀ ਮਾਰ ਹੱਤਿਆ ਕਰ ਦਿੱਤੀ ਸੀ, ਜਿਸ 'ਤੇ ਪੁਲਸ ਨੇ ਮੁਦੱਈ ਮੁਕੱਦਮਾ ਨਰਿੰਦਰ ਕੌਰ ਦੀ ਇਤਲਾਹ 'ਤੇ ਤੁਰੰਤ ਕਾਰਵਾਈ ਕਰਦੇ ਹੋਏ ਮੁਲਜ਼ਮ ਕੁਲਦੀਪ ਸਿੰਘ ਪੁੱਤਰ ਬੰਤ ਸਿੰਘ ਤੇ ਉਸ ਦੀ ਪਤਨੀ ਜਸਵੀਰ ਕੌਰ ਨੂੰ 4 ਘੰਟੇ ਵਿੱਚ ਹੀ ਗ੍ਰਿਫ਼ਤਾਰ ਕਰਕੇ ਵਾਰਦਾਤ ਵਿੱਚ ਵਰਤੀ ਗਈ ਉਕਤ ਕਾਰ ਤੇ ਰਵਾਲਰ ਵੀ ਬ੍ਰਾਮਦ ਕਰ ਲਿਆ ਹੈ।ਇਸ ਸੰਬੰਧੀ ਡਾ: ਰਵਜੋਤ ਗਰੇਵਾਲ ਆਈ.ਪੀ.ਐੱਸ, ਸੀਨੀਅਰ ਕਪਤਾਨ ਪੁਲਸ, ਫਤਹਿਗੜ੍ਹ ਸਾਹਿਬ ਨੇ ਪ੍ਰੈੱਸ ਕਾਨਫਰੰਸ ਦੌਰਾਨ ਦੱਸਿਆ ਕਿ ਨਰਿੰਦਰ ਕੌਰ ਪਤਨੀ ਹਰਭਜਨ ਸਿੰਘ ਵਾਸੀ ਵਾਸੀ # 9-ਸੀ, ਰਣਜੀਤ ਨਗਰ ਭਾਦਸੋਂ ਰੋਡ ਪਟਿਆਲਾ ਨੇ ਇੰਸਪੈਕਟਰ ਅੰਮ੍ਰਿਤਵੀਰ ਸਿੰਘ ਮੁੱਖ ਅਫਸਰ ਥਾਣਾ ਅਮਲੋਹ ਪਾਸ ਆਪਣਾ ਬਿਆਨ ਲਿਖਾਇਆ ਕਿ ਉਸ ਦੇ ਘਰਵਾਲੇ ਦਾ ਆਪਣੇ ਭਰਾ ਕੁਲਦੀਪ ਸਿੰਘ ਪੁੱਤਰ ਬੰਤ ਸਿੰਘ ਵਾਸੀ # 22, ਨੇੜੇ ਗਰੀਨ ਪਾਰਕ, ਸਪਰਿੰਗ ਡੇਲ ਪਬਲਿਕ ਸਕੂਲ, ਖੰਨਾ, ਜ਼ਿਲ੍ਹਾ ਲੁਧਿਆਣਾ ਨਾਲ ਪਿੰਡ ਬੁੱਗਾ ਕਲਾਂ, ਥਾਣਾ ਅਮਲੋਹ, ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਾਲੀ ਜ਼ਮੀਨ ਦਾ ਰੌਲਾ ਸੀ ਤੇ ਕਈ ਵਾਰ ਇਸ ਸਬੰਧੀ ਪੰਚਾਇਤੀ ਰਾਜ਼ੀਨਾਮੇ ਵੀ ਹੋਏ ਸਨ, ਪਰ ਕੁਲਦੀਪ ਸਿੰਘ ਹਰ ਵਾਰ ਮੁੱਕਰ ਜਾਂਦਾ ਸੀ।ਬੀਤੀ 27 ਮਾਰਚ ਨੂੰ ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਕੁਲਦੀਪ ਸਿੰਘ ਸਮੇਤ ਆਪਣੀ ਘਰਵਾਲੀ ਜਸਵੀਰ ਕੌਰ ਤੇ ਮਜ਼ਦੂਰਾਂ ਦੀ ਮਦਦ ਨਾਲ ਸਾਡੀ ਰੌਲੇ ਵਾਲੀ ਜ਼ਮੀਨ ਦੀ ਮਿਣਤੀ ਕਰ ਰਿਹਾ ਹੈ, ਜਦੋਂ ਉਹ ਮੌਕਾ 'ਤੇ ਪੁੱਜੇ ਤਾਂ ਇਹ ਵੱਟ ਪਾ ਰਹੇ ਸਨ ਅਤੇ ਗੱਲ ਕਰਨ 'ਤੇ ਉਨ੍ਹਾਂ ਨਾਲ ਗਾਲੀ ਗਲੋਚ ਕਰਨ ਲੱਗੇ।ਨਰਿੰਦਰ ਕੌਰ ਨੇ ਦੱਸਿਆ ਕਿ ਉਸਦੇ ਭਾਣਜੇ ਹਰਕੀਰਤ ਸਿੰਘ ਤੇ ਜੀਜਾ ਦਲਬਾਰਾ ਸਿੰਘ ਵੀ ਉਨ੍ਹਾਂ ਦੇ ਨਾਲ ਸੀ, ਜਿਨ੍ਹਾਂ ਨੇ ਇਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਕੁਲਦੀਪ ਸਿੰਘ ਨੇ ਹਰਕੀਰਤ ਸਿੰਘ ਤੇ ਕਹੀ ਦਾ ਵਾਰ ਕੀਤਾ ਤਾਂ ਉਸ ਨੇ ਕਹੀ ਫੜ ਕੇ ਸੁੱਟ ਦਿੱਤੀ, ਇੰਨੇ ਵਿੱਚ ਜਸਵੀਰ ਕੌਰ ਨੇ ਆਪਣੀ ਗੱਡੀ ਵਿੱਚੋਂ ਰਿਵਾਲਵਰ ਕੱਢ ਕੇ ਆਪਣੇ ਘਰਵਾਲੇ ਕੁਲਦੀਪ ਸਿੰਘ ਨੂੰ ਫੜਾ ਦਿੱਤਾ ਤੇ ਕਿਹਾ ਕਿ ਅੱਜ ਹਰ ਰੋਜ਼ ਦਾ ਕਲੇਸ਼ ਖਤਮ ਕਰ ਦਿਓ ਤਾਂ ਕੁਲਦੀਪ ਸਿੰਘ ਨੇ ਮੇਰੇ ਘਰਵਾਲੇ ਹਰਭਜਨ ਸਿੰਘ ਤੇ ਸਿੱਧਾ ਫਾਇਰ ਕੀਤਾ, ਜੋ ਉਸ ਦੇ ਖੱਬੇ ਪੱਟ ਪਰ ਵੱਜਿਆ ਤੇ ਉਹ ਜ਼ਮੀਨ 'ਤੇ ਡਿੱਗ ਪਿਆ, ਫਿਰ ਉਸ ਨੇ ਦੂਜਾ ਫਾਇਰ ਮੇਰੇ ਪਤੀ ਦੇ ਗੁਪਤ ਅੰਗ ਵਿੱਚ ਮਾਰਿਆ। ਉਨ੍ਹਾਂ ਦੇ ਰੌਲਾ ਪਾਉਣ 'ਤੇ ਇਹ ਦੋਵੇਂ ਜਾਣੇ ਆਪਣੀ ਕਾਰ ਨੰਬਰੀ ਪੀ ਬੀ 10. ਡੀ ਵਾਈ 6717 ਮਾਰਕਾ ਵਰਨਾ ਵਿੱਚ ਸਵਾਰ ਹੋ ਕੇ ਫਰਾਰ ਹੋ ਗਏ।ਅਸੀਂ ਮੇਰੇ ਪਤੀ ਨੂੰ ਸਿਵਲ ਹਸਪਤਾਲ ਅਮਲੋਹ ਲੈ ਕੇ ਗਏ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ।

ਜ਼ਿਲ੍ਹਾ ਪੁਲਸ ਮੁਖੀ ਨੇ ਦੱਸਿਆ ਕਿ ਮੁਦੱਈ ਮੁਕੱਦਮਾ ਨਰਿੰਦਰ ਕੌਰ ਦੀ ਇਤਲਾਹ 'ਤੇ ਤੁਰੰਤ ਕਾਰਵਾਈ ਕਰਦੇ ਹੋਏ ਸ੍ਰੀ ਰਾਕੇਸ਼ ਯਾਦਵ ਪੀ.ਪੀ.ਐਸ. ਕਪਤਾਨ ਪੁਲਿਸ ਇੰਨਵੈਸਟੀਗੇਸ਼ਨ, ਸ੍ਰੀ ਕ੍ਰਿਸ਼ਨ ਕੁਮਾਰ ਪਾਂਥੇ ਪੀ.ਪੀ.ਐਸ. ਉਪ ਕਪਤਾਨ ਪੁਲਸ (ਡੀ) ਫਤਹਿਗੜ੍ਹ ਸਾਹਿਬ, ਸ਼੍ਰੀ ਰਾਜੇਸ਼ ਕੁਮਾਰ ਛਿੱਬਰ, ਪੀ ਪੀ ਐੱਸ ਉਪ ਕਪਤਾਨ ਪੁਲਸ ਸਬ: ਡਵੀਜ਼ਨ ਅਮਲੋਹ ਦੀ ਰਹਿਨੁਮਾਈ ਹੇਠ ਇੰਸਪੈਕਟਰ ਅੰਮ੍ਰਿਤਵੀਰ ਸਿੰਘ, ਮੁੱਖ ਅਫਸਰ ਥਾਣਾ ਅਮਲੋਹ ਨੇ ਮੁਲਜ਼ਮ ਕੁਲਦੀਪ ਸਿੰਘ ਪੁੱਤਰ ਬੰਤ ਸਿੰਘ ਤੇ ਉਸ ਦੀ ਪਤਨੀ ਜਸਵੀਰ ਕੌਰ ਵਾਸੀਆਨ ਉਕਤਾਨ ਨੂੰ ਹਰਭਜਨ ਸਿੰਘ ਦੇ ਕਤਲ ਕੇਸ ਵਿੱਚ 04 ਘੰਟੇ ਵਿੱਚ ਹੀ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਅਤੇ ਵਾਰਦਾਤ ਵਿਚ ਵਰਤੀ ਗਈ ਉਕਤ ਕਾਰ ਵੀ ਬ੍ਰਾਮਦ ਕੀਤੀ।ਪੁਲਸ ਨੇ ਮੁਦੱਈ ਦੇ ਬਿਆਨਾਂ 'ਤੇ ਕੁਲਦੀਪ ਸਿੰਘ ਤੇ ਉਸ ਦੀ ਪਤਨੀ ਜਸਵੀਰ ਕੌਰ ਖਿਲਾਫ ਮੁਕੱਦਮਾ ਨੰਬਰ 37 ਮਿਤੀ 27-03-2024 ਅ/ ਧ 302,506,447,511,34 ਆਈ ਪੀ ਸੀ, 27/54/59 ਆਰਮਜ਼ ਐਕਟ ਥਾਣਾ ਅਮਲੋਹ ਦਰਜ ਕਰ ਲਿਆ ਹੈ।ਦੋਸ਼ੀਆਨ ਨੂੰ ਅਦਾਲਤ ਵਿੱਚ ਪੇਸ਼ ਕਰਕੇ ਪੁਲਸ ਰਿਮਾਂਡ ਹਾਸਲ ਕਰਕੇ ਡੂੰਘਾਈ ਨਾਲ ਪੁੱਛ-ਗਿੱਛ ਕੀਤੀ ਜਾਵੇਗੀ।ਵਾਰਦਾਤ ਵਿੱਚ ਵਰਤਿਆ ਗਿਆ ਅਸਲਾ ਰਿਵਾਲਵਰ 32 ਬੋਰ ਮੁਲਜ਼ਮ ਕੁਲਦੀਪ ਸਿੰਘ ਦੀ ਪਤਨੀ ਮੁਲਜ਼ਮ ਜਸਵੀਰ ਕੌਰ ਦੇ ਨਾਮ 'ਤੇ ਹੈ ਤੇ ਅਸਲਾ ਲਾਇਸੰਸ ਸਾਲ 2026 ਤੱਕ ਵੈਲਿਡ ਹੈ।ਇਸ ਕੇਸ ਵਿੱਚ ਮੁਲਜ਼ਮਾਂ ਨੂੰ ਗ੍ਰਿਫਤਾਰ ਕਰਨ ਸਬੰਧੀ ਸਾਡੀ ਟੈਕਨੀਕਲ ਟੀਮ ਤੇ ਸੀ.ਆਈ.ਏ. ਸਟਾਫ, ਸਰਹਿੰਦ ਦੀ ਟੀਮ ਨੇ ਅਹਿਮ ਭੂਮਿਕਾ ਨਿਭਾਈ।

ਅਸਲਾ ਜਮ੍ਹਾਂ ਨਾ ਕਰਵਾਉਣ 'ਤੇ ਰੱਦ ਹੋਵੇਗਾ ਲਸੰਸ : ਥਾਣਾ ਮੁਖੀ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਚੋਣ ਕਮਿਸ਼ਨ ਵੱਲੋਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਸਖ਼ਤ ਹਦਾਇਤਾਂ

ਕੀਤੀਆਂ ਗਈਆਂ ਹਨ ਕਿ ਥਾਣਾ ਮਾਛੀਵਾੜਾ ਅਧੀਨ ਜਿਨ੍ਹਾਂ ਵੀ ਵਿਅਕਤੀਆਂ ਕੋਲ ਅਸਲਾ ਹੈ, ਜੇਕਰ ਉਨ੍ਹਾਂ ਅੱਜ 29 ਮਾਰਚ ਤੱਕ ਥਾਣੇ ਵਿੱਚ ਨਾ ਜਮ੍ਹਾਂ ਕਰਵਾਇਆ ਤਾਂ ਉਸ ਤੋਂ ਬਾਅਦ ਉਨ੍ਹਾਂ ਦਾ ਲਾਇਸੈਂਸ ਰੱਦ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਜਾਵੇਗੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਥਾਣਾ ਮਾਛੀਵਾੜਾ ਮੁਖੀ ਇੰਸਪੈਕਟਰ ਭਿੰਦਰ ਸਿੰਘ ਖੰਗੂੜਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।

ਉਨ੍ਹਾ ਕਿਹਾ ਕਿ ਜੋ ਅਸਲਾਧਾਰਕ ਮਾਛੀਵਾੜਾ ਥਾਣਾ ਵਿੱਚ ਅਸਲਾ ਜਮ੍ਹਾਂ ਕਰਵਾਉਣ ਤੋਂ ਵਾਂਝੇ ਰਹਿ ਗਏ ਹਨ, ਉਨ੍ਹਾਂ ਨੂੰ ਅੱਜ ਦੇ ਦਿਨ ਦਾ ਸਮਾਂ ਦਿੱਤਾ ਗਿਆ ਹੈ ਅਤੇ ਜੇਕਰ ਫਿਰ ਵੀ ਅਸਲਾ ਧਾਰਕਾਂ ਨੇ ਚੋਣ ਕਮਿਸ਼ਨ ਦੀ ਇਸ ਹਦਾਇਤ ਨੂੰ ਗੰਭੀਰਤਾ ਨਾਲ ਨਹੀਂ ਲਿਆ ਤਾਂ ਉਨ੍ਹਾਂ ਦਾ ਅਸਲਾ ਲਾਇਸੈਂਸ ਰੱਦ ਕਰਨ ਦੀ ਪ੍ਰਕਿਰਿਆ ਆਰੰਭ ਕਰ ਦਿੱਤੀ ਜਾਵੇਗੀ। ਥਾਣਾ ਮੁਖੀ ਖੰਗੂੜਾ ਨੇ ਅਸਲਾ ਧਾਰਕਾਂ ਨੂੰ ਅਪੀਲ ਕੀਤੀ ਕਿ ਕਿਸੇ ਕਾਨੂੰਨੀ ਕਾਰਵਾਈ ਤੋਂ ਬਚਣ ਲਈ ਉਹ ਆਪਣਾ ਅਸਲਾ ਤੁਰੰਤ ਮਾਛੀਵਾੜਾ ਪੁਲਸ ਥਾਣੇ 'ਚ ਜਮ੍ਹਾਂ ਕਰਵਾ ਕੇ ਰਸੀਦ ਪ੍ਰਾਪਤ ਕਰਨ।

ਕਾਮਰੇਡ ਆਲਾ ਸਿੰਘ ਦੀ ਬਰਸੀ ਇਨਕਲਾਬੀ ਜੋਸ਼ੋ-ਖਰੋਸ਼ ਨਾਲ ਮਨਾਈ

ਜਲਾਲਾਬਾਦ (ਰਣਬੀਰ ਕੌਰ ਢਾਬਾਂ)

ਸੀ ਪੀ ਆਈ ਅਤੇ ਲੋਕ ਘੋਲਾਂ ਦੇ ਸਿਰਕੱਢ ਆਗੂ ਮਰਹੂਮ ਕਾਮਰੇਡ ਆਲਾ ਸਿੰਘ ਦੀ 21ਵੀਂ ਬਰਸੀ ਸਥਾਨਕ ਦਾਣਾ ਮੰਡੀ ਵਿਖੇ ਇਨਕਲਾਬੀ ਜੋਸ਼ੋ-ਖਰੋਸ਼ ਨਾਲ ਮਨਾਈ ਗਈ।ਇਸ ਮੌਕੇ ਇਨਕਲਾਬੀ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ ਗਿਆ। ਸਮਾਗਮ ਦੀ ਪ੍ਰਧਾਨਗੀ ਸੀ ਪੀ ਆਈ ਬਲਾਕ ਜਲਾਲਾਬਾਦ ਦੇ ਸਕੱਤਰ ਛਿੰਦਰ ਮਹਾਲਮ, ਕਿਸਾਨ ਆਗੂ ਕ੍ਰਿਸ਼ਨ ਧਰਮੂਵਾਲਾ ਅਤੇ ਨਰਿੰਦਰ ਢਾਬਾਂ ਨੇ ਕੀਤੀ। ਸਮਾਗਮ 'ਚ ਇਲਾਕੇ ਦੇ ਸੈਂਕੜਿਆਂ ਦੀ ਗਿਣਤੀ ਵਿੱਚ ਲੋਕਾਂ ਨੇ ਹਿੱਸਾ ਲਿਆ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਭਾਰਤੀ ਕਮਿਊਨਿਸਟ ਪਾਰਟੀ ਦੇ ਸੂਬਾ ਸਕੱਤਰ ਬੰਤ ਸਿੰਘ ਬਰਾੜ ਨੇ ਹਾਜ਼ਰ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ 10 ਸਾਲ ਤੋਂ ਲਗਾਤਾਰ ਰਾਜ ਕਰ ਰਹੀ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਗਰੀਬ ਅਤੇ ਮੱਧ ਵਰਗ ਦੇ ਲੋਕਾਂ ਦਾ ਵੱਡੇ ਪੱਧਰ 'ਤੇ ਆਰਥਕ ਕੰਚੂਬਰ ਕੱਢ ਕੇ ਰੱਖ ਦਿੱਤਾ ਹੈ, ਜਿਸ ਨਾਲ ਆਰਥਕ ਪਾੜਾ ਵੱਡੇ ਪੱਧਰ 'ਤੇ ਵਧ ਗਿਆ ਹੈ, ਜਿਸ ਨੂੰ ਸਹਿਣ ਕਰਨਾ ਬਰਦਾਸ਼ਤ ਤੋਂ ਬਾਹਰ ਹੋ ਚੁੱਕਿਆ ਹੈ। ਉਹਨਾ ਕਿਹਾ ਕਿ ਦੇਸ਼ ਵਿੱਚ ਲੋਕ ਸਭਾ ਚੋਣਾਂ ਦਾ ਐਲਾਨ ਹੋ ਚੁੱਕਿਆ ਹੈ ਅਤੇ ਭਾਜਪਾ ਨੂੰ ਸੱਤਾ ਤੋਂ ਵਾਂਝੇ ਕਰਨ ਦਾ ਹੁਣ ਸਮਾਂ ਆ ਗਿਆ ਹੈ। ਉਨ੍ਹਾ ਲੋਕਾਂ ਨੂੰ ਸੱਦਾ ਦਿੰਦਿਆਂ ਕਿਹਾ ਕਿ ਦੇਸ਼ ਵਿੱਚੋਂ ਫਿਰਕਾਪ੍ਰਸਤੀ, ਫਾਸ਼ੀਵਾਦੀ ਤਾਕਤਾਂ ਨੂੰ ਹਰਾਉਣ ਅਤੇ ਲੋਕਤੰਤਰ ਨੂੰ ਬਚਾਉਣ ਲਈ ਭਾਜਪਾ ਖਿਲਾਫ ਵੋਟ ਕੀਤੀ ਜਾਵੇ।ਉਹਨਾ ਕਾਮਰੇਡ ਆਲਾ ਸਿੰਘ ਬਾਰੇ ਕਿਹਾ ਕਿ ਉਹ ਲੋਕ ਘੋਲਾਂ ਦੇ ਸਿਰੜੀ ਸੂਝਵਾਨ ਆਗੂ ਸਨ। ਉਹਨਾ ਤੋਂ ਅਗਵਾਈ ਲੈ ਕੇ ਜ਼ਿਲ੍ਹਾ ਫਾਜ਼ਿਲਕਾ ਵਿੱਚ ਅਨੇਕਾਂ ਆਗੂ ਬਣੇ। ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਹੰਸ ਰਾਜ ਗੋਲਡਨ ਨੇ ਕਾਮਰੇਡ ਆਲਾ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਦੇਸ਼ ਪੱਧਰ 'ਤੇ ਸਰਮਾਏਦਾਰੀ ਖਿਲਾਫ ਲੋਕ ਲਹਿਰ ਉਸਾਰਨ ਦੀ ਲੋੜ ਹੈ। ਉਹਨਾ ਕਿਹਾ ਕਿ ਕਿਰਤ ਦੀ ਲੁੱਟ ਖਿਲਾਫ ਕਿਰਤੀਆਂ ਨੂੰ ਇੱਕਮੁੱਠ ਹੋਣਾ ਪਵੇਗਾ।

ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਪ੍ਰਧਾਨ ਐਡਵੋਕੇਟ ਪਰਮਜੀਤ ਢਾਬਾਂ, ਸੂਬਾ ਸਕੱਤਰ ਚਰਨਜੀਤ ਛਾਂਗਾਰਾਏ, ਜ਼ਿਲ੍ਹਾ ਪ੍ਰਧਾਨ ਹਰਭਜਨ ਛੱਪੜੀਵਾਲਾ, ਸਕੱਤਰ ਸੁਬੇਗ ਝੰਗੜ ਭੈਣੀ, ਆਂਗਨਵਾੜੀ ਵਰਕਰ/ ਹੈਲਪਰ ਯੂਨੀਅਨ ਪੰਜਾਬ ਦੇ ਪ੍ਰਧਾਨ ਸਰੋਜ ਛੱਪੜੀਵਾਲਾ, ਦਰਸ਼ਨ ਸਿੰਘ ਮੁਰਾਦ ਦਲ ਸਿੰਘ ਵਾਲਾ, ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਡਾਕਟਰ ਸੁਖਚੈਨ ਸੈਦੋਕਾ, ਕਿਸਾਨ ਆਗੂ ਹਰਮੀਤ ਢਾਬਾਂ, ਕ੍ਰਿਸ਼ਨ ਧਰਮੂ ਵਾਲਾ ਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਪੰਜਾਬ ਦੇ ਪ੍ਰਧਾਨ ਰਮਨ ਧਰਮੂ ਵਾਲਾ ਨੇ ਵੀ ਸੰਬੋਧਨ ਕੀਤਾ। ਹੋਰਨਾਂ ਤੋਂ ਇਲਾਵਾ ਇਸਤਰੀ ਸਭਾ ਦੇ ਆਗੂ ਸੁਮਿੱਤਰਾ ਫ਼ਾਜ਼ਿਲਕਾ, ਸੁਸ਼ਮਾ ਗੋਲਡਨ, ਹਰਜੀਤ ਕੌਰ, ਨੌਜਵਾਨ ਆਗੂ ਨਰਿੰਦਰ ਢਾਬਾਂ, ਜਰਨੈਲ ਢਾਬਾਂ, ਬਲਵਿੰਦਰ ਮਹਾਲਮ, ਜੰਮੂ ਰਾਮ ਬਣਵਾਲਾ, ਬਲਵੰਤ ਚੋਹਾਣਾ, ਮਲਕੀਤ ਲਮੋਚੜ, ਗੁਰਦੇਵ ਤਾਰੇ ਵਾਲਾ, ਖਰੈਤ ਬੱਘੇਕੇ, ਸੰਦੀਪ ਜੋਧਾ, ਕਰਨੈਲ ਬੱਘੇਕੇ, ਕੁਲਦੀਪ ਬੱਬੂ ਸ਼ਾਹ ਤੇ ਰਾਜਵਿੰਦਰ ਨੌਲਾ ਵੀ ਹਾਜ਼ਰ ਸਨ।

ਨਰੇਗਾ ਕਾਮਿਆਂ ਦੀ ਉਜਰਤ 'ਚ ਨਿਗੂਣੇ ਵਾਧੇ ਵਿਰੁੱਧ ਪੰਜਾਬ ਭਰ 'ਚ ਐਕਸ਼ਨ ਕੀਤੇ ਜਾਣਗੇ : ਗਦਾਈਆ, ਖੋਸਾ

ਮੋਗਾ (ਇਕਬਾਲ ਸਿੰਘ ਖਹਿਰਾ)-ਨਰੇਗਾ ਕਾਮਿਆਂ ਦੀ 2024-25 ਦੇ ਸਾਲ ਦੇ ਲਈ ਕੇਂਦਰ ਸਰਕਾਰ ਵੱਲੋਂ ਸਿਰਫ਼ 19 ਰੁਪਏ ਵਧਾਉਣ ਲਈ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਪੰਜਾਬ (ਏਟਕ) ਨਿਖੇਧੀ ਕਰਦਿਆਂ ਮੰਗ ਕਰਦੀ ਹੈ ਕਿ ਪੰਜਾਬ ਵਿੱਚ ਨਰੇਗਾ ਕਾਮਿਆਂ ਲਈ ਦਿਹਾੜੀ ਰੇਟ 431 ਰੁਪਏ ਦਿੱਤੇ ਜਾਣ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਯੂਨੀਅਨ ਦੇ ਸੂਬਾ ਪ੍ਰਧਾਨ ਕਸ਼ਮੀਰ ਸਿੰਘ ਗਦਾਈਆ ਤੇ ਜਨਰਲ ਸਕੱਤਰ ਜਗਸੀਰ ਸਿੰਘ ਖੋਸਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਦੱਸਿਆ ਕਿ ਗਵਾਂਢੀ ਰਾਜ ਹਰਿਆਣਾ ਦੀ ਦਿਹਾੜੀ 274 ਰੁਪਏ ਕੀਤੀ ਜਾ ਰਹੀ ਹੈ, ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਜਿੱਥੇ ਕੇਂਦਰ ਸਰਕਾਰ ਪੰਜਾਬ ਦੇ ਨਰੇਗਾ ਕਾਮਿਆਂ ਨਾਲ ਧ੍ਰੋਹ ਕਮਾ ਰਹੀ ਹੈ, ਉੱਥੇ ਪੰਜਾਬ ਸਰਕਾਰ ਦੀ ਨੀਅਤ ਵੀ ਸਾਫ਼ ਦਿਖਾਈ ਨਹੀਂ ਦੇ ਰਹੀ, ਕਿਉਂਕਿ ਐਕਟ ਅਨੁਸਾਰ ਕਿਸੇ ਰਾਜ ਵਿੱਚ ਦਿਹਾੜੀ ਕਿੰਨੀ ਹੋਵੇ? ਇਸ ਦੀ ਸਿਫਾਰਸ਼ ਕਰਦੀ ਚਿੱਠੀ ਰਾਜ ਸਰਕਾਰ ਨੇ ਕੇਂਦਰ ਨੂੰ ਭੇਜਣੀ ਹੁੰਦੀ ਹੈ, ਪਰ ਲੱਗਦਾ ਹੈ ਕਿ ਪੰਜਾਬ ਦੀ ਆਮ ਆਦਮੀ ਦੀ ਸਰਕਾਰ ਨੇ ਇਹ 431 ਰੁਪਏ ਵਾਲੀ ਚਿੱਠੀ ਕੇਂਦਰ ਸਰਕਾਰ ਨੂੰ ਨਹੀਂ ਭੇਜੀ। ਉਨ੍ਹਾਂ ਦੱਸਿਆ ਕਿ ਪੰਜਾਬ ਵਿੱਚ ਆਮ ਆਦਮੀ ਦੀ ਸਰਕਾਰ ਵੱਲੋਂ ਨਰੇਗਾ ਐਕਟ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਪੰਜਾਬ ਸਰਕਾਰ ਦੇ ਲੀਡਰਾਂ ਵੱਲੋਂ ਨਰੇਗਾ ਮੁਲਾਜ਼ਮਾਂ ਤੇ ਅਫਸਰਾਂ ਤੇ ਹੱਦੋਂ ਵੱਧ ਰਾਜਨੀਤਕ ਦਬਾਅ ਬਣਾਇਆ ਜਾ ਰਿਹਾ ਹੈ, ਜਿਸ ਕਾਰਨ ਮਜ਼ਦੂਰਾਂ ਨੂੰ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਾਨੂੰਨ ਨੂੰ ਅਣਗੌਲਿਆ ਕਰਕੇ ਆਪਣੇ ਚਹੇਤਿਆਂ ਨੂੰ ਨਰੇਗਾ ਮੇਟ ਵਗੈਰਾ ਬਣਾ ਕੇ ਆਪਣਾ ਨਜਾਇਜ਼ ਦਬਦਬਾ ਬਣਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ, ਜੋ ਕਿ ਅਤਿ ਨਿੰਦਣਯੋਗ ਹੈ। ਯੂਨੀਅਨ ਆਗੂਆਂ ਨੇ ਇਨ੍ਹਾਂ ਮਸਲਿਆਂ ਨੂੰ ਲੈ ਕੇ ਤੁਰੰਤ ਐਕਸ਼ਨ ਲੈਂਦਿਆਂ ਐਲਾਨ ਕੀਤਾ ਕਿ 29 ਮਾਰਚ ਤੋਂ ਹੀ ਕੇਂਦਰ ਤੇ ਪੰਜਾਬ ਸਰਕਾਰ ਦੇ ਪਿੰਡ, ਬਲਾਕ ਤੇ ਤਹਿਸੀਲ ਪੱਧਰ 'ਤੇ ਪੁਤਲੇ ਫੂਕੇ ਜਾਣਗੇ। ਉਨ੍ਹਾਂ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਦੀਆਂ ਨਰੇਗਾ ਪ੍ਰਤੀ ਮਾੜੇ ਰਵੱਈਏ ਦਾ ਜੁਆਬ ਨਰੇਗਾ ਕਾਮੇ ਆਉਣ ਵਾਲੀਆਂ ਚੋਣਾਂ ਵਿੱਚ ਦੇਣਗੇ। ਉਨ੍ਹਾਂ ਕਿਹਾ ਕਿ ਕੰਮ ਦੇ ਦਿਨਾਂ ਦੀ ਗਾਰੰਟੀ 200 ਦਿਨ ਕਰਵਾਉਣ, ਨਰੇਗਾ ਕੰਮ ਤੇ ਮੌਤ ਜਾਂ ਬਿਲਕੁਲ ਨਕਾਰਾ ਹੋਣ ਤੇ ਮਿਲਣ ਵਾਲੀ ਐਕਗਰੇਸ਼ੀਆ ਗਰਾਂਟ 25000 ਤੋਂ ਵਧਾ ਕੇ 5 ਲੱਖ ਕਰਵਾਉਣ, ਆਨਲਾਈਨ (ਐੱਨ.ਐੱਮ.ਐੱਮ.ਐੱਸ. ਐਪ ਰਾਹੀਂ) ਹਾਜ਼ਰੀ ਦੀ ਥਾਂ ਸਿਰਫ਼ ਮਸਟਰੋਲ ਤੇ ਲਗਵਾਉਣ, ਨਰੇਗਾ ਦਿਹਾੜੀ 1000 ਰੁਪ

page-6-29-March.-2024.qxd 3/28/2024 10:55 PM Page 1

ਕਿਰਤੀ ਕਾਲਜ 'ਚ ਵਾਤਾਵਰਣ ਜਾਗਰੂਕਤਾ ਸੰਬੰਧੀ ਪੋਸਟਰ ਮੁਕਾਬਲੇ ਕਰਾਏ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)

ਸਰਕਾਰੀ ਕਿਰਤੀ ਕਾਲਜ ਨਿਆਲ ਪਾਤੜਾਂ ਵਿਖੇ ਪ੍ਰਿੰਸੀਪਲ ਪ੍ਰੋਫ਼ੈਸਰ ਅਮਰਜੀਤ ਸਿੰਘ ਦੀ ਅਗਵਾਈ ਹੇਠ ਈਕੋ ਕਲੱਬ ਵੱਲੋਂ ਵਾਤਾਵਰਨ ਸਿੱਖਿਆ ਪ੍ਰੋਗਰਾਮ ਤਹਿਤ ਸਲੋਗਨ ਰਾਈਟਿੰਗ, ਪੋਸਟਰ ਮੇਕਿੰਗ ਅਤੇ ਲੇਖ ਲਿਖਣ ਮੁਕਾਬਲੇ ਕਰਾਏ ਗਏ। ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਈਕੋ ਕਲੱਬ ਦੇ ਨੋਡਲ ਅਫ਼ਸਰ ਪ੍ਰੋ. ਹਰਮੀਤ ਸਿੰਘ ਨੇ ਮੁੱਖ ਮਹਿਮਾਨ ਕਾਲਜ ਇੰਚਾਰਜ ਡਾ. ਗੁਰਜੀਤ ਸਿੰਘ ਨੇ ਜੀ ਆਇਆਂ ਆਖਦੇ ਹੋਏ ਦੱਸਿਆ ਕਿ ਵਿਦਿਆਰਥੀਆਂ ਨੂੰ ਵਾਤਾਵਰਣ ਪ੍ਰਤੀ ਜਾਗਰੂਕ ਕਰਨ ਲਈ ਕਾਲਜ ਵਿੱਚ ਵੱਖ-ਵੱਖ ਮੁਕਾਬਲੇ ਕਰਾਏ ਗਏ।ਮੁੱਖ ਮਹਿਮਾਨ ਨੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੰਦੇ ਹੋਏ ਕਿਹਾ ਕਿ ਵਾਤਾਵਰਣ ਦੀ ਸੰਭਾਲ ਵਿਚ ਸਾਨੂੰ ਵਧ-ਚੜ੍ਹ ਕੇ ਯੋਗਦਾਨ ਪਾਉਣਾ ਚਾਹੀਦਾ ਹੈ। ਅੱਜ ਦੇ ਇਸ ਸੁਨੇਹੇ ਨੂੰ ਘਰ-ਘਰ ਤੱਕ ਪੁਚਾਉਣਾ ਬਹੁਤ ਜ਼ਰੂਰੀ ਹੈ ਤਾਂ ਜੁ ਸ਼ੁੱਧ ਤੇ ਸਵੱਛ ਵਾਤਾਵਰਨ ਰੱਖ ਕੇ ਹੀ ਧਰਤੀ ਨੂੰ ਹਰ ਪ੍ਰਾਣੀ ਲਈ ਲੰਮਾ ਜੀਵਨ ਜਿਊਣ ਯੋਗ ਬਣਾ ਸਕੀਏ।ਮੁਕਾਬਲਿਆ ਦੀ ਜੱਜਮੈਂਟ ਪ੍ਰੋ. ਜਗਦੀਸ਼ ਸਿੰਘ, ਪ੍ਰੋ. ਗੁਰਜੀਤ ਸਿੰਘ , ਪ੍ਰੋ. ਵਰਿੰਦਰ ਕੌਰ ਵੱਲੋਂ ਕੀਤੀ ਗਈ।ਜੇਤੂ ਵਿਦਿਆਰਥੀਆਂ ਨੂੰ ਕਾਲਜ ਦੇ ਵਾਇਸ ਪ੍ਰਿੰਸੀਪਲ ਡਾ. ਗੁਰਜੀਤ ਸਿੰਘ ਅਤੇ ਸਮੂਹ ਸਟਾਫ਼ ਵੱਲੋਂ ਮੈਡਲ ਅਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਪ੍ਰੋਗਰਾਮ ਦੇ ਅੰਤ ਵਿੱਚ ਈਕੋ ਕਲੱਬ ਦੇ ਨੋਡਲ ਅਫ਼ਸਰ ਪ੍ਰੋ. ਹਰਮੀਤ ਸਿੰਘ ਵੱਲੋਂ ਕਾਲਜ ਇੰਚਾਰਜ, ਸਮੂਹ ਸਟਾਫ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ। ਇਨ੍ਹਾਂ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਭਾਗੀਦਾਰਾਂ ਨੂੰ ਰਿਫਰੈਸ਼ਮੈਂਟ ਦਿੱਤੀ ਗਈ।ਇਸ ਮੌਕੇ ਕਾਲਜ ਦੇ ਪ੍ਰੋ. ਮੀਨੂੰ ਗੌੜ, ਪ੍ਰੋ. ਜਤਿੰਦਰ ਸਿੰਘ, ਪ੍ਰੋ. ਮਨੋਜ ਕੁਮਾਰ, ਪ੍ਰੋ. ਸੰਦੀਪ ਕੌਰ ਤੇ ਵੱਡੀ ਗਿਣਤੀ ਵਿਦਿਆਰਥੀ ਮੌਜੂਦ ਸਨ।

ਪੈਸਟੀਸਾਈਡ, ਫਰਟੀਲਾਈਜ਼ਰ ਤੇ ਸੀਡਸ ਡੀਲਰਾਂ ਨਾਲ ਕੀਤੀ ਮੀਟਿੰਗ

ਬਠਿੰਡਾ, (ਪਰਵਿੰਦਰ ਜੀਤ ਸਿੰਘ) ਮੁੱਖ ਖੇਤੀਬਾੜੀ ਅਫ਼ਸਰ ਕਰਨਜੀਤ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਮੌੜ ਮੰਡੀ ਦੇ ਸਮੂਹ ਪੈਸਟੀਸਾਈਡ, ਫਰਟੀਲਾਈਜ਼ਰ ਤੇ ਸੀਡਸ ਡੀਲਰਾਂ ਨਾਲ ਮੀਟਿੰਗ ਕੀਤੀ ਗਈ। ਮੁੱਖ ਖੇਤੀਬਾੜੀ ਅਫ਼ਸਰ ਨੇ ਸਮੂਹ ਡੀਲਰਾਂ ਨੂੰ ਹਦਾਇਤ ਕੀਤੀ ਕਿ ਡੀਲਰਾਂ ਵੱਲੋਂ ਕਿਸਾਨਾਂ ਨੂੰ ਖਾਦ, ਬੀਜ, ਦਵਾਈ ਦੇ ਪੱਕੇ ਬਿਲ ਦਿੱਤੇ ਜਾਣ। ਉਨ੍ਹਾਂ ਕਿਹਾ ਕਿ ਡੀਲਰਾਂ ਵੱਲੋਂ ਸਟਾਕ ਬੋਰਡ ਲਵਾਏ ਜਾਣ ਤੇ ਅਧਿਕਾਰ ਪੱਤਰ ਦਰਜ ਕਰਾਏ ਜਾਣ।ਬਿਨਾਂ ਬਿੱਲ ਤੋਂ ਕਿਸਾਨਾਂ ਨੂੰ ਖਾਦ, ਦਵਾਈ ਤੇ ਬੀਜ ਦੀ ਵਿਕਰੀ ਨਾ ਕੀਤੀ ਜਾਵੇ।ਉਨ੍ਹਾਂ ਕਿਹਾ ਕਿ ਜ਼ਿਲ੍ਹੇ ਤੋਂ ਬਾਹਰ ਕੋਈ ਵੀ ਦਵਾਈ, ਬੀਜ, ਖਾਦ ਨਾ ਲਈ ਜਾਵੇ।ਪੱਕੇ ਬਿੱਲ ਤੇ ਬੈਚ ਨੰਬਰ, ਟੈਕਨੀਕਲ ਤੇ ਮਿਆਦ ਮਿਤੀ ਜ਼ਰੂਰ ਪਾਈ ਜਾਵੇ।ਉਨ੍ਹਾਂ ਕਿਹਾ ਕਿ ਕਾਨੂੰਨ ਦੀ ਪਾਲਣਾ ਨਾ ਕਰਨ ਵਾਲੇ ਨੂੰ ਬਖਸ਼ਿਆ ਨਹੀਂ ਜਾਵੇਗਾ।ਇਸ ਦੌਰਾਨ ਖੇਤੀਬਾੜੀ ਵਿਕਾਸ ਅਫਸਰ ਡਾ. ਚੰਨਪ੍ਰੀਤ ਸਿੰਘ ਨੇ ਖਾਦਾਂ ਸਬੰਧੀ ਐਕਟ ਬਾਰੇ ਜਾਣਕਾਰੀ ਦਿੱਤੀ ਗਈ ਤੇ ਖਾਦਾਂ ਨਾਲ ਟੈਗਿੰਗ ਨਾ ਕਰਨ ਸਬੰਧੀ ਕਿਹਾ।ਉਨ੍ਹਾਂ ਕਿਹਾ ਕਿ ਜੇਕਰ ਡੀਲਰ ਵੱਲੋਂ ਖਾਦ ਨਾਲ ਕੋਈ ਵੀ ਵਸਤੂ ਜਬਰਨ ਦਿੱਤੀ ਗਈ ਤਾਂ ਉਸ 'ਤੇ ਬਣਦੀ ਕਾਰਵਾਈ ਕੀਤੀ ਜਾਵੇਗੀ।ਇਸ ਮੌਕੇ ਖੇਤੀਬਾੜੀ ਵਿਕਾਸ ਅਫਸਰ ਡਾ. ਅਸਮਾਨਪ੍ਰੀਤ ਸਿੱਧੂ ਨੇ ਕੀੜੇਮਾਰ ਦਵਾਈਆਂ ਬਾਰੇ ਪੂਰੀ ਜਾਣਕਾਰੀ ਦਿੱਤੀ।ਖੇਤੀਬਾੜੀ ਵਿਕਾਸ ਅਫ਼ਸਰ ਡਾ. ਸੁਖਜੀਤ ਸਿੰਘ ਬਾਹੀਆ ਵੱਲੋਂ ਬੀਜਾਂ ਸਬੰਧੀ ਜਾਣਕਾਰੀ ਸਾਂਝੀ ਕੀਤੀ ਗਈ।

ਮੈਰੀਟੋਰੀਅਸ ਸਕੂਲ ਹਕੂਮਤ ਸਿੰਘ ਵਾਲਾ 'ਚ ਕਰਾਈ ਮਾਪੇ-ਅਧਿਆਪਕ ਮਿਲਣੀ

ਫ਼ਿਰੋਜ਼ਪੁਰ (ਗੁਰਬਚਨ ਸਿੰਘ ਸੋਨੂੰ) ਮੈਰੀਟੋਰੀਅਸ ਸਕੂਲ ਹਕੂਮਤ ਸਿੰਘ ਵਾਲਾ ਫ਼ਿਰੋਜ਼ਪੁਰ ਵਿਖੇ ਮਾਪੇ-ਅਧਿਆਪਕ ਮਿਲਣੀ ਕੀਤੀ ਗਈ ਅਤੇ ਗਿਆਰ੍ਹਵੀਂ ਜਮਾਤ ਦੀ ਸਾਲਾਨਾ ਪ੍ਰੀਖਿਆ ਦੇ ਨਤੀਜੇ ਐਲਾਨੇ ਗਏ।ਗਿਆਰ੍ਹਵੀਂ ਜਮਾਤ ਦੇ ਨਾਨ-ਮੈਡੀਕਲ ਸਟ੍ਰੀਮ ਵਿੱਚ ਪਰਵੰਸ਼ ਕੰਬੋਜ ਨੇ 98%, ਮੈਡੀਕਲ ਸਟਰੀਮ ਵਿੱਚ ਰਾਜਦੀਪ ਕੌਰ ਨੇ 97% ਤੇ ਕਾਮਰਸ ਸਟਰੀਮ ਵਿੱਚ ਹਰਪ੍ਰੀਤ ਕੌਰ ਨੇ 95% ਅੰਕਾਂ ਨਾਲ ਪਹਿਲਾ ਸਥਾਨ ਹਾਸਲ ਕੀਤਾ।ਇਸ ਮੌਕੇ ਸਕੂਲ ਮੁਖੀ ਚਮਕੌਰ ਸਿੰਘ ਸਰਾਂ ਦੁਆਰਾ ਹੋਣਹਾਰ ਵਿਦਿਆਰਥੀਆਂ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਉਤਸ਼ਾਹਤ ਕਰਨ ਲਈ ਪੈਨ, ਕਾਪੀਆਂ ਅਤੇ ਸਨਮਾਨ ਚਿੰਨ੍ਹ ਵੰਡੇ ਗਏ। ਇਸ ਮੌਕੇ ਸਕੂਲ ਪ੍ਰਿੰਸੀਪਲ ਚਮਕੌਰ ਸਿੰਘ ਦੁਆਰਾ ਵਿਦਿਆਰਥੀਆਂ, ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ ਗਈ ਤੇ ਵਿਦਿਆਰਥੀਆਂ ਨੂੰ ਹੋਸਟਲ ਦੀ ਜ਼ਿੰਦਗੀ ਵਿਚ ਅਨੁਸ਼ਾਸਨ ਦੀ ਮਹੱਤਤਾ ਬਾਰੇ ਦੱਸਿਆ।ਉਨ੍ਹਾਂ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਚੰਗੀਆਂ ਆਦਤਾਂ ਨੂੰ ਗ੍ਰਹਿਣ ਕਰਨ ਅਤੇ ਸਮਾਂ-ਸਾਰਨੀਂ ਅਨੁਸਾਰ ਪੜ੍ਹਨ ਦੀਆਂ ਰੁਚੀਆਂ ਪੈਦਾ ਕਰਨ ਲਈ ਉਤਸ਼ਾਹਤ ਵੀ ਕੀਤਾ।ਇਸੇ ਮੌਕੇ ਮੈਡਮ ਸੁਕੀਰਤੀ ਸ਼ਰਮਾ, ਵਿਭਾਗ ਦੇ ਮੁਖੀ ਮਨੋਜ ਕੁਮਾਰ, ਜਸਵਿੰਦਰ ਸਿੰਘ, ਮੈਡਮ ਹਰਮਨ, ਮੈਡਮ ਰੇਖਾ ਸਮੇਤ ਸਮੂਹ ਅਧਿਆਪਕ ਸਾਹਿਬਾਨ ਹਾਜ਼ਰ ਸਨ। ਇਨ੍ਹਾਂ ਤੋਂ ਇਲਾਵਾ ਐੱਸ.ਐੱਮ.ਸੀ. ਕਮੇਟੀ ਦੇ ਮੈਂਬਰ ਸ. ਜਗਮੋਹਨ ਸਿੰਘ, ਸਤਪਾਲ ਸਿੰਘ, ਕੁਲਵਿੰਦਰ ਕੌਰ, ਗੁਰਮੀਤ ਕੌਰ, ਜਸਮੇਲ ਸਿੰਘ ਤੇ ਸੰਦੀਪ ਸਿੰਘ ਵੀ ਹਾਜ਼ਰ ਸਨ।

COURT NOTICE

(U/o 5 Rule 20 CPC)
In the Court of
Ms. Mamta Kakkar
Additional Civil Judge,
(Senior Division), Phul
CNR No. PBBTB0-001237-2022
Next Date :- 22-04-2024
Jeet Singh
Vs.
Bhura Singh etc.
Publication Issued To :
General Public :-
General Public

In above titled case, the defendant (s)/respondent (s) could not be served. It is ordered that defendant (s)/ respondent (s) should appear in person or through counsel on 22.04.2024 at 10:00 A.M.

For details logon to https://highcourtchd.gov.in/?trs=district_notice&district=Bathinda

Additional Civil Judge,
(Senior Division), Phul
Dated this day of 28-03-2024

COURT NOTICE

(U/o 5 Rule 20 CPC)
In the Court of
Ms. Mamta Kakkar
Additional Civil Judge,
(Senior Division), Phul
CNR No. PBBTB0-000632-2023
Next Date :- 28-05-2024
Sadhu Singh etc
Vs.
General Public
Publication Issued To :
General Public :-
General Public

In above titled case, the defendant (s)/respondent (s) could not be served. It is ordered that defendant (s)/ respondent (s) should appear in person or through counsel on 28.05.2024 at 10:00 A.M.

For details logon to https://highcourtchd.gov.in/?trs=district_notice&district=Bthinda

Additional Civil Judge,
(Senior Division), Phul
Dated this day of 28-03-2024

COURT NOTICE

(U/o 5 Rule 20 CPC)
(Succession case)
In the Court of
Sh. Atul Kamboj
Civil Judge, (Senior Division),
Patiala
CNR No. PBPT02-001080-2024
Next Date :- 17-05-2024
Simla Chopra
Vs.
General Public
NoticeTo :
General Public

In above titled case, the defendant (s)/respondent (s) could not be served. It is ordered that defendant (s)/ respondent (s) should appear in person or through counsel on 17.05.2024 at 10:00 A.M.

For details logon to https://highcourtchd.gov.in/?trs=district_notice&district=Patiala

Civil Judge, (Senior Division),
Patiala
Dated this day of 27-03-2024

COURT NOTICE

(U/o 5 Rule 20 CPC)
In the Court of
Sh. Muneesh Arora
Principal Judge, Family Court,
Patiala
CNR No. PBPT01-002914-2024
Next Date :- 23-04-2024
Sunil Gupta
Vs.
General Public
Publication Issued To :
General Public :
General Public

In above titled case, the defendant (s)/respondent (s) could not be served. It is ordered that defendant (s)/ respondent (s) should appear in person or through counsel on 23.04.2024 at 10:00 A.M.

For details logon to https://highcourtchd.gov.in/?trs=district_notice&district= Patiala

Principal Judge, Family
Court, Patiala
Dated this day of 27-03-2024

ਪਬਲਿਕ ਨੋਟਿਸ

ਸ੍ਰੀ ਸੋਤੋਕ ਸਿੰਘ ਪੁੱਤਰ ਕਾਬਲ ਸਿੰਘ ਪੁੱਤਰ ਦਲੀਪ ਸਿੰਘ ਵਾਸੀ ਪੰਡੋਰੀ ਗੰਗਾ ਸਿੰਘ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਵੱਲੋਂ ਇਕ ਦਰਖਾਸਤ ਇਸ ਦਫਤਰ ਵਿਚ ਪੇਸ਼ ਕਰਕੇ ਬੇਨਤੀ ਕੀਤੀ ਗਈ ਹੈ ਕਿ ਵਾਕਿਆ ਰਕਬਾ ਪਿੰਡ ਪੰਡੋਰੀ ਗੰਗਾ ਸਿੰਘ, ਟੋਡਰਪੁਰ ਵਿਚ ਸਥ ਤਹਿਸੀਲ ਮਾਹਿਲਪੁਰ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਉਹ ਖੁਦ ਮਾਲਕ ਕਾਬਜ਼ ਹੈ। ਮਾਲ ਰਿਕਾਰਡ ਵਾਕਿਆ ਰਕਬਾ ਪਿੰਡ ਪੰਡੋਰੀ ਗੰਗਾ ਸਿੰਘ, ਟੋਡਰਪੁਰ ਵਿਚ ਉਸ ਦਾ ਨਾਂਅ ਹਰਭਜਨ ਸਿੰਘ ਉਰਫ ਭਜਨ ਸਿੰਘ ਪੁੱਤਰ ਕਾਬਲ ਸਿੰਘ ਦਰਜ ਹੈ, ਜਦ ਕਿ ਉਸ ਦਾ ਅਸਲ ਨਾਂਅ ਸੋਤੋਕ ਸਿੰਘ ਪੁੱਤਰ ਕਾਬਲ ਸਿੰਘ ਹੈ। ਪ੍ਰਾਰਥੀ ਵੱਲੋਂ ਸਬੂਤ ਵਜੋਂ ਪਾਸਪੋਰਟ, ਪੈਨ ਕਾਰਡ ਅਤੇ ਪਿੰਡ ਦੇ ਮੋਹਤਬਰ ਵਿਅਕਤੀਆਂ ਦੇ ਬਿਆਨ ਦਰਖਾਸਤ ਨਾਲ ਪੇਸ਼ ਕੀਤੇ ਹਨ।

ਦਰਖਾਸਤ ਕਰਤਾ ਦੀ ਦਰਖਾਸਤ ਨੂੰ ਵਾਚਿਆ ਗਿਆ। ਪੰਜਾਬ ਸਰਕਾਰ, ਮਾਲ ਪੁਨਰਵਾਸ ਅਤੇ ਡਿਜਾਸਟਰ ਮੈਨੇਜਮੈਂਟ ਵਿਭਾਗ (ਭੌਂ ਮਾਲੀਆ ਸ਼ਾਖਾ), ਚੰਡੀਗੜ੍ਹ ਵੱਲੋਂ ਮੀਮੋ ਨੰਬਰ 27/78/2012 -ਭ. ਮ-2/12445-71 ਚੰਡੀਗੜ੍ਹ, ਮਿਤੀ 26.7.13 ਰਾਹੀਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਅਨੁਸਾਰ ਕਿਸੇ ਵੀ ਵਿਅਕਤੀ ਵੱਲੋਂ ਮਾਲ ਰਿਕਾਰਡ ਵਿਚ ਦਰਜ ਆਪਣੇ ਜਾਂ ਆਪਣੇ ਪਿਤਾ ਦੇ ਨਾਂਅ ਦੀ ਤਬਦੀਲੀ ਉਸ ਸੂਰਤ ਵਿਚ ਕਰਵਾਈ ਜਾ ਸਕਦੀ ਹੈ, ਅਗਰ ਉਸ ਨੇ/ਉਸ ਦੇ ਪਿਤਾ ਨੇ ਉਸ ਦੀ ਪੰਜਾਬ ਵਿਚ ਸਥਿਤ ਜ਼ਮੀਨ ਵਾਲੇ ਏਰੀਏ ਵਿਚ ਸਰਕੂਲੇਟ ਹੋ ਰਹੇ 2 ਅਖਬਾਰਾਂ ਜਿਨ੍ਹਾਂ ਵਿਚੋਂ ਇਕ ਅਖਬਾਰ ਘੱਟੋ-ਘੱਟ ਪੰਜਾਬੀ ਭਾਸ਼ਾ ਦਾ ਹੋਵੇ, ਵਿਚ ਆਪਣੇ ਨਾਂਅ ਦੀ ਤਬਦੀਲੀ ਸਬੰਧੀ ਨੋਟਿਸ ਦਿੱਤਾ ਹੋਵੇ।

ਇਸ ਲਈ ਉਕਤ ਹਦਾਇਤ ਦੇ ਮੰਦੇਨਜ਼ਰ ਇਸ ਨੋਟਿਸ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮਾਲ ਰਿਕਾਰਡ ਵਾਕਿਆ ਪਿੰਡ ਪੰਡੋਰੀ ਗੰਗਾ ਸਿੰਘ, ਟੋਡਰਪੁਰ ਵਿਚ ਪ੍ਰਾਰਥੀ ਦੇ ਨਾਂਅ ਦੀ ਦਰੁਸਤੀ ਹਰਭਜਨ ਸਿੰਘ ਉਰਫ ਭਜਨ ਸਿੰਘ ਉਰਫ ਸੋਤੋਕ ਸਿੰਘ ਪੁੱਤਰ ਕਾਬਲ ਸਿੰਘ ਦਰਜ ਹੋਣ ਸਬੰਧੀ ਜੇਕਰ ਕਿਸੇ ਵੀ ਵਿਅਕਤੀ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਇਸ ਨੋਟਿਸ ਦੇ ਛਪਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਇਸ ਦਫਤਰ ਵਿਚ ਆਪਣਾ ਪੱਖ/ਇਤਰਾਜ਼ ਪੇਸ਼ ਕਰ ਸਕਦਾ ਹੈ। ਮਿੱਥੇ ਸਮੇਂ ਤੋਂ ਬਾਅਦ ਪ੍ਰਾਪਤ ਹੋਏ ਕਿਸੇ ਇਤਰਾਜ਼ 'ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ ਅਤੇ ਪ੍ਰਾਰਥੀ ਦਾ ਨਾਂਅ ਮਾਲ ਰਿਕਾਰਡ ਵਿਚ ਦਰੁਸਤ ਕਰ ਦਿੱਤਾ ਜਾਵੇਗਾ।

ਸਹੀ/- ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਦੋਮ, ਮਾਹਿਲਪੁਰ।

ਨੰਬਰ : 1100 /ਰੀਡਰ/ ਮਿਤੀ 21.03.2024

ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਅਰਵਿਦ ਪ੍ਰਕਾਸ਼ ਵਰਮਾ, ਪੀ. ਆਰ. ਐੱਸ.,ਜ਼ਿਲ੍ਹਾ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ, ਦਰਜਾ ਅੱਵਲ, (ਐੱਨ. ਆਰ. ਆਈਜ਼. ਫਾਸਟ ਟਰੈਕ ਕੋਰਟ), ਹੁਸ਼ਿਆਰਪੁਰ।

ਗੁਰਬਖਸ਼ ਕੌਰ ਪਤਨੀ ਬਖਸ਼ੀਸ਼ ਸਿੰਘ ਬਨਾਮ ਹਰਵਿੰਦਰ ਸਿੰਘ ਪੁੱਤਰ ਸੇਵਾ ਸਿੰਘ ਆਦਿ

ਤਕਸੀਮ ਕੇਸ ਨੰ: /2022 ਨੰ./ਰੀਡਰ/ਡੀ. ਆਰ.ਓ.,

ਉਪਰੋਕਤ ਤਕਸੀਮ ਕੇਸ ਜਿਸ ਦੀਆਂ ਖੇਵਟ ਨੰ: 3/3, ਖੇਵਟ ਨੰ: 10/10, ਖੇਵਟ ਨੰ: 117, ਖੇਵਟ ਨੰ: 124, ਖੇਵਟ ਨੰ: 126/120, ਖੇਵਟ ਨੰ: 132, ਖੇਵਟ ਨੰ: 133, ਖੇਵਟ ਨੰ: 135, ਖੇਵਟ ਨੰ: 136, ਖੇਵਟ ਨੰ: 137, ਖੇਵਟ ਨੰ: 138, ਖੇਵਟ ਨੰ: 139, ਖੇਵਟ ਨੰ: 194, ਖੇਵਟ ਨੰ: 195, ਖੇਵਟ ਨੰ: 196, ਖੇਵਟ ਨੰ: 197, ਖੇਵਟ ਨੰ: 198, ਜਮ੍ਹਾਂਬੰਦੀ ਸਾਲ 2018-19 ਵਾਕਿਆ ਪਿੰਡ ਤਲਵੰਡੀ ਜੱਟਾਂ ਹੱਦ : ਨੰ: 46, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ, ਇਸ ਅਦਾਲਤ ਵਿਚ ਚੱਲ ਰਿਹਾ ਹੈ। ਇਸ ਕੇਸ ਵਿਚ ਹੇਠ ਲਿਖੇ ਅਨੁਸਾਰ ਉੱਤਰਵਾਦੀਆਂ ਦੀ ਤਾਮੀਲ ਸਾਧਾਰਨ ਤਰੀਕੇ ਨਾਲ ਨਹੀਂ ਹੋ ਸਕੀ। ਇਸ ਲਈ ਇਨ੍ਹਾਂ ਉੱਤਰਵਾਦੀਆਂ ਦੀ ਇਤਲਾਹ ਅੰਗਰੇਜ਼ੀ ਅਖਬਾਰ Times of India ਅਤੇ ਪੰਜਾਬੀ ਅਖਬਾਰ ਅਜੀਤ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਅਸਾਲਤਨ/ਵਕਾਲਤਨ ਮਿਤੀ 19.04.2024 ਨੂੰ ਦੁਪਹਿਰ ਬਾਅਦ 2.30 ਵਜੇ ਇਸ ਅਦਾਲਤ ਵਿਚ ਹਾਜ਼ਰ ਆ ਕੇ ਆਪਣੇ ਕੇਸ ਦੀ ਪੈਰਵੀ ਕਰਨ। ਜੇਕਰ ਹੇਠਾਂ ਲਿਖੇ ਧਿਰ ਦੀ ਮੌਤ ਹੋ ਚੁੱਕੀ ਹੋਵੇ ਤਾਂ ਉਸ ਦੇ ਵਾਰਸ ਅਦਾਲਤ ਵਿਚ ਪੇਸ਼ ਹੋ ਕੇ ਕੇਸ ਦੀ ਪੈਰਵੀ ਕਰ ਸਕਦੇ ਹਨ। ਉੱਤਰਵਾਦੀਆਂ ਦੇ ਹਾਜ਼ਰ ਨਾ ਹੋਣ ਦੀ ਸੂਰਤ ਵਿਚ ਕੇਸ 'ਤੇ ਹਦਾਇਤਾਂ ਅਨੁਸਾਰ ਅਗਲੇਰੀ ਕਾਰਵਾਈ ਕਰ ਦਿੱਤੀ ਜਾਵੇਗੀ।

1. ਮਨਜੀਤ ਸਿਘ ਪੁੱਤਰ ਸੁਰਜੀਤ ਸਿਘ ਪੁੱਤਰ ਗੰਡਾ ਸਿਘ (2) ਮੋਹਨ ਸਿਘ ਪੁੱਤਰ ਗੁਰਦੇਵ ਸਿਘ ਪੁੱਤਰ ਉਜਾਗਰ ਸਿਘ, (3) ਸੁਰਜੀਤ ਸਿਘ ਪੁੱਤਰ ਸ਼ੁਕਰ ਸਿਘ ਪੁੱਤਰ ਚੰਨਣ ਸਿਘ (4) ਸਰਿਦਰ ਸਿਘ ਪੁੱਤਰ ਸ਼ੁਕਰ ਸਿਘ ਪੁੱਤਰ ਚੰਨਣ ਸਿਘ, (5) ਸੁਮਿੱਤਰ ਸਿਘ ਪੁੱਤਰ ਹਰਬੰਸ ਸਿਘ (6) ਹਰਮੇਲ ਸਿਘ ਪੁੱਤਰ ਹਰਬੰਸ ਸਿਘ (7) ਰਜਿੰਦਰ ਸਿਘ ਪੁੱਤਰ ਹਰਬੰਸ ਸਿਘ (8) ਹਰਦੀਸ਼ ਕੌਰ ਵਿਧਵਾ ਕਸ਼ਮੀਰ ਸਿਘ ਪੁੱਤਰ ਸ਼ੁਕਰ ਸਿਘ (9) ਪਰਮਿੰਦਰਜੀਤ ਕੌਰ ਪੁੱਤਰੀ ਕਸ਼ਮੀਰ ਸਿਘ ਪੁੱਤਰ ਸ਼ੁਕਰ ਸਿਘ, (10) ਹਰਮੀਤ ਕੌਰ ਪੁੱਤਰੀ ਕਸ਼ਮੀਰ ਸਿਘ ਪੁੱਤਰ ਸ਼ੁਕਰ ਸਿਘ, (11) ਹਰਪਾਲ ਕੌਰ ਪੁੱਤਰੀ ਸਾਧੂ ਸਿਘ ਪੁੱਤਰ ਚੰਨਣ ਸਿਘ (12) ਨਰਿਦਰ ਕੌਰ ਪੁੱਤਰੀ ਸਾਧੂ ਸਿਘ ਪੁੱਤਰ ਚੰਨਣ ਸਿਘ, (13) ਲਖਵੀਰ ਕੌਰ ਪੁੱਤਰੀ ਸਾਧੂ ਸਿਘ ਪੁੱਤਰ ਚੰਨਣ ਸਿਘ, (14) ਤਰਸੇਮ ਸਿਘ ਪੁੱਤਰ ਸਾਧੂ ਸਿਘ ਪੁੱਤਰ ਚੰਨਣ ਸਿਘ, (15) ਸੁਰਿਦਰ ਸਿਘ ਉਰਫ ਮੁਹਿੰਦਰ ਸਿਘ ਪੁੱਤਰ ਸਾਧੂ ਸਿਘ ਪੁੱਤਰ ਚੰਨਣ ਸਿਘ, (16) ਅਵਤਾਰ ਸਿਘ ਪੁੱਤਰ ਸਾਧੂ ਸਿਘ ਪੁੱਤਰ ਚੰਨਣ ਸਿਘ, (17) ਚਰਨਜੀਤ ਸਿਘ ਪੁੱਤਰ ਸਾਧੂ ਸਿਘ ਪੁੱਤਰ ਚੰਨਣ ਸਿਘ, (18) ਅੰਜੂ ਬਾਲਾ ਪੁੱਤਰੀ ਕੂੜਾ ਰਾਮ ਪੁੱਤਰ ਮੁਨਸ਼ੀ, (19) ਰਜਿੰਦਰ ਪ੍ਰਸ਼ਾਦ ਪੁੱਤਰ ਪ੍ਰੇਮ ਦਾਸ ਪੁੱਤਰ ਅਮੀ ਚੰਦ, (20) ਹਰਵਿਦਰ ਸਿਘ ਪੁੱਤਰ ਸੇਵਾ ਸਿਘ ਪੁੱਤਰ ਕਰਤਾਰ ਸਿਘ, (21) ਦਿਲਬਾਗ ਸਿਘ ਪੁੱਤਰ ਅਜੀਤ ਸਿਘ ਪੁੱਤਰ ਸਰਮੁੱਖ ਸਿਘ, (22) ਦਲਵੀਰ ਸਿਘ ਪੁੱਤਰ ਅਜੀਤ ਸਿਘ ਪੁੱਤਰ ਸਰਮੁੱਖ ਸਿਘ, (23) ਮੋਹਣ ਸਿਘ ਪੁੱਤਰ ਅਜੀਤ ਸਿਘ ਪੁੱਤਰ ਸਰਮੁੱਖ ਸਿਘ, (24) ਕਸ਼ਮੀਰ ਸਿਘ ਪੁੱਤਰ ਅਜੀਤ ਸਿਘ ਪੁੱਤਰ ਸਰਮੁੱਖ ਸਿਘ, (25) ਹਰਦੇਵ ਸਿਘ ਪੁੱਤਰ ਅਜੀਤ ਸਿਘ ਪੁੱਤਰ ਸਰਮੁੱਖ ਸਿਘ, (26) ਹਰਵਿੰਦਰ ਸਿਘ ਪੁੱਤਰ ਜਗੀਰ ਸਿਘ ਪੁੱਤਰ ਸਰਮੁੱਖ ਸਿਘ, (27) ਕੁਲਦੀਪ ਸਿਘ ਪੁੱਤਰ ਜਗੀਰ ਸਿਘ ਪੁ

29-MAR-PAGE-7.qxd 3/28/2024 10:51 PM Page 1

ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਦਾ ਧਰਨਾ ਤੀਜੇ ਦਿਨ ਵੀ ਜਾਰੀ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਪਰਮਜੀਤ ਸਿੰਘ, ਚਾਵਲਾ)-ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਮਲੋਟ ਵਿਖੇ ਕੰਮ ਕਰਦੇ ਠੇਕਾ ਆਧਾਰਤ ਮੁਲਾਜ਼ਮ ਦੀ ਮੌਤ ਹੋ ਜਾਣ ਉਪਰੰਤ ਉਸ ਦੀ ਪਤਨੀ ਨੂੰ ਨੌਕਰੀ ਨਾ ਦਿੱਤੇ ਜਾਣ ਦੇ ਵਿਰੋਧ ਵਿੱਚ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਬੈਨਰ ਹੇਠ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ ਮੰਡਲ ਮਲੋਟ ਦੇ ਖਿਲਾਫ ਚੱਲ ਰਿਹਾ ਧਰਨਾ ਅੱਜ ਤੀਸਰੇ ਦਿਨ ਵਿੱਚ ਸ਼ਾਮਲ ਹੋਇਆ।

ਇਸ ਮੌਕੇ ਤੇ ਆਗੂ ਬਲਜੀਤ ਸਿੰਘ ਭੱਟੀ, ਵਰਿੰਦਰਪਾਲ ਸਿੰਘ, ਸੁਰਜੀਤ ਸਿੰਘ ਤੱਖੀ, ਬਿਕਰਮਜੀਤ ਸਿੰਘ ਕਪੂਰ ,ਜਸਬੀਰ ਕੌਰ, ਮਿੱਠਣ ਕੁਮਾਰ ਅਤੇ ਗੁਰਪਿਆਰ ਸਿੰਘ ਨੇ ਸਾਝਾ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਵਿੱਚ ਪਿਛਲੇ ਲੰਮੇ ਸਮੇਂ ਤੋਂ ਕੰਮ ਕਰਦੇ ਆ ਰਹੇ ਇਕ ਠੇਕਾ ਆਧਾਰਿਤ ਮੁਲਾਜ਼ਮ ਸੁਰਿੰਦਰ ਸਿੰਘ ਮਲੋਟ ਦੀ ਮੌਤ ਹੋ ਜਾਣ ਉਪਰੰਤ ਉਸ ਦੀ ਪਤਨੀ ਕਿਰਨਦੀਪ ਕੌਰ ਨੂੰ ਬਣਦੀ ਉਸ ਦੀ ਨੋਕਰੀ ਨਹੀ ਦਿੱਤੀ ਜਾ ਰਹੀ ਸਗੋਂ ਅੱਜ ਕਈ ਮਹੀਨੇ ਬੀਤ ਜਾਣ ਦੇ ਬਾਵਜੂਦ ਵਿਭਾਗ ਵੱਲੋਂ ਗੱਲਾਂ ਕਰਕੇ ਆਪਣਾ ਸਮਾਂ ਲੰਘਾਇਆ ਜਾ ਰਿਹਾ ਹੈ ਤੇ ਇਸ ਦੇ ਸਬੰਧ ਵਿੱਚ ਕਾਰਜਕਾਰੀ ਇੰਜੀਨੀਅਰ ਮਲੋਟ ਨੂੰ ਮਿਲਣ ਤੇ ਉਸ ਨੇ ਕਿਹਾ ਕਿ ਮੇਰੇ ਤੇ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦਾ ਦਬਾਅ ਹੈ ਉਹ ਆਪਣੇ ਬੰਦੇ ਨੂੰ ਨੌਕਰੀ ਤੇ ਰਖਵਾਉਣਾ ਚਾਹੁੰਦਾ ਹੈ ਉਸ ਦੇ ਕਹਿਣ ਤੋਂ ਬਿਨਾਂ ਕਿਸੇ ਨੂੰ ਨੌਕਰੀ ਤੇ ਨਹੀਂ ਰੱਖ ਸਕਦਾ ਅਤੇ ਦੂਸਰੇ ਤਰਫ ਉਸਦੇ ਪਰਿਵਾਰ ਦੇ ਘਰ ਦਾ ਗੁਜ਼ਾਰਾ ਵੀ ਮੁਸ਼ਕਿਲ ਹੋ ਗਿਆ ਹੈ , ਜਿਸ ਕਰਕੇ ਠੇਕਾ ਮੁਲਾਜ਼ਮ ਸ਼ੰਘਰਸ਼ ਮੋਰਚਾ ਪੰਜਾਬ ਨੇ ਪਹਿਲਾਂ ਵੀ ਕਾਰਜਕਾਰੀ ਇੰਜੀਨੀਅਰ ਮੰਡਲ ਮਲੋਟ ਨੂੰ ਲਿਖਤੀ ਰੂਪ ਵਿੱਚ ਨੋਟਿਸ ਦਿੱਤਾ ਗਿਆ ਸੀ ਅਤੇ ਸੰਕੇਤਕ ਧਰਨਾ ਵੀ ਦਿੱਤਾ ਗਿਆ ਸੀ, ਪਰ ਫਿਰ ਵੀ ਕਾਰਜਕਾਰੀ ਇੰਜਨੀਅਰ ਵੱਲੋਂ ਕੋਈ ਵੀ ਕਾਰਵਾਈ ਨਹੀਂ ਕੀਤੀ ਗਈ, ਜਿਸ ਦੇ ਰੋਸ ਵਜੋਂ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਵੱਲੋਂ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਮੰਡਲ ਦੇ ਖਿਲਾਫ ਮੇਨ ਵਾਟਰ ਵਰਕਸ ਕੋਟ ਕਪੂਰਾ ਰੋਡ ਸ੍ਰੀ ਮੁਕਤਸਰ ਸਾਹਿਬ ਵਿਖੇ ਤਿੰਨ ਦਿਨਾਂ ਤੋਂ ਧਰਨਾ ਦਿੱਤਾ ਜਾ ਰਿਹਾ ਹੈ ਪਰ ਕਾਰਜਕਾਰੀ ਇੰਜੀਨੀਅਰ ਪਿਛਲੇ ਤਿੰਨ ਦਿਨਾਂ ਤੋਂ ਆਪਣੇ ਦਫਤਰ ਨਹੀਂ ਆ ਰਿਹਾ ਅਤੇ ਨਾ ਹੀ ਜੱਥੇਬੰਦੀ ਨਾਲ ਗੱਲਬਾਤ ਕਰ ਰਿਹਾ ਹੈ।ਆਗੂਆਂ ਵੱਲੋਂ ਐਲਾਨ ਕੀਤਾ ਗਿਆ ਕਿ ਜਦੋਂ ਤੱਕ ਮਸਲੇ ਦਾ ਹੱਲ ਨਹੀਂ ਹੁੰਦਾ ਤੇ ਮ੍ਰਿਤਕ ਸਾਥੀ ਦੇ ਪਰਵਾਰ ਨੂੰ ਨੋਕਰੀ ਨਹੀ ਮਿਲਦੀ ਉਦੋਂ ਤੱਕ ਸੰਘਰਸ਼ ਜਾਰੀ ਰਹੇਗਾ।

ਐਮੀਨੈਂਸ ਸਕੂਲ ਘੱਗਾ 'ਚ ਮਾਪੇ-ਅਧਿਆਪਕ ਮਿਲਣੀ

ਪਹਿਲੀਆਂ ਪੁਜ਼ੀਸ਼ਨਾਂ ਲੈਣ ਵਾਲੇ ਵਿਦਿਆਰਥੀ ਸਨਮਾਨਤ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਸੁਤੰਤਰਤਾ ਸੰਗਰਾਮੀ ਸ਼ਹੀਦ ਹਰਭਜਨ ਸਿੰਘ ਸਕੂਲ ਆਫ ਐਮੀਨੈਂਸ ਘੱਗਾ ਵਿਖੇ ਪ੍ਰਿੰਸੀਪਲ ਸ੍ਰੀਮਤੀ ਸੁਖਜਿੰਦਰ ਕੌਰ ਦੀ ਯੋਗ ਅਗਵਾਈ ਵਿਚ ਸਮੂਹ ਸਟਾਫ ਵੱਲੋਂ ਮਾਪੇ ਅਧਿਆਪਕ ਮਿਲਣੀ ਕਰਵਾਈ ਗਈ।ਇਸ ਦੌਰਾਨ ਛੇਵੀਂ, ਸੱਤਵੀਂ, ਨੌਵੀਂ ਤੇ ਗਿਆਰ੍ਹਵੀਂ ਜਮਾਤਾਂ ਦਾ ਸਾਲਾਨਾ ਨਤੀਜਿਆਂ ਦਾ ਐਲਾਨ ਕੀਤਾ ਗਿਆ।ਸਮਾਗਮ ਦੌਰਾਨ ਸਕੂਲ ਪ੍ਰਿੰਸੀਪਲ ਸ਼ੀਮਤੀ ਸੁਖਜਿੰਦਰ ਕੌਰ, ਸ਼ਹੀਦ ਹਰਭਜਨ ਸਿੰਘ ਸੁੰਤਤਰਤਾ ਸੰਗਰਾਮੀ ਦੀ ਬੇਟੀ ਸਤਪਾਲ ਕੌਰ ਸੋਹੀ ਢੀਂਡਸਾ ਤੇ ਉਨ੍ਹਾਂ ਦੇ ਪਤੀ ਪ੍ਰਦੁਮਨ ਸਿੰਘ ਢੀਡਸਾ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ।ਐਲਾਨੇ ਗਏ ਨਤੀਜਿਆਂ ਵਿੱਚ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਟ੍ਰਾਫੀਆਂ ਦੇ ਕੇ ਸਨਮਾਨਤ ਕੀਤਾ ਗਿਆ।ਸਟੇਜ ਸਕੱਤਰ ਦੀ ਭੂਮਿਕਾ ਸ੍ਰੀਮਤੀ ਕਿਰਨ ਬਾਲਾ ਨੇ ਨਿਭਾਈ।ਇਸ ਤੋਂ ਇਲਾਵਾ ਸੱਭਿਆਚਾਰਕ ਗਤੀਵਿਧੀਆਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਅੰਤ ਵਿੱਚ ਪ੍ਰਿੰਸੀਪਲ ਸ੍ਰੀਮਤੀ ਸੁਖਜਿੰਦਰ ਕੌਰ ਵੱਲੋਂ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਐਸਐਮਸੀ ਕਮੇਟੀ ਦੇ ਚੇਅਰਪਰਸਨ ਸ਼੍ਰੀਮਤੀ ਪਿੰਕੀ, ਬਲਵੇਵ ਸਿੰਘ ਬੇਦੀ, ਰਾਜ ਕੁਮਾਰ ਸਿੰਗਲਾ ਤੇ ਨਗਰ ਪੰਚਾਇਤ ਦੇ ਪ੍ਰਧਾਨ ਨਰੇਸ਼ ਕੁਮਾਰ ਆਦਿ ਹਾਜ਼ਰ ਸਨ।

ਸੇਵਾ ਮੁਕਤੀ 'ਤੇ ਵਿਸ਼ੇਸ਼

ਇਨਸਾਫਪਸੰਦ, ਮਿਹਨਤੀ ਤੇ ਨੇਕ ਸੁਭਾਅ ਦੇ ਮਾਲਕ ਲੈਕਚਰਾਰ ਗੁਰਮੇਲ ਸਿੰਘ

ਸਿੱਖਿਆ ਵਿਭਾਗ ਪੰਜਾਬ ਵਿੱਚੋਂ ਸੇਵਾ ਮੁਕਤ ਹੋ ਰਹੇ ਲੈਕਚਰਾਰ ਗੁਰਮੇਲ ਸਿੰਘ ਦਾ ਜਨਮ 05 ਮਾਰਚ 1966 ਨੂੰ ਪਿੰਡ ਕਲਿਆਣ ਸੁੱਖਾ ਜ਼ਿਲ੍ਹਾ ਬਠਿੰਡਾ ਵਿਖੇ ਪਿਤਾ ਕਿਸ਼ਨ ਸਿੰਘ ਤੇ ਮਾਤਾ ਪ੍ਰਸਿੰਨ ਕੌਰ ਦੇ ਘਰ ਹੋਇਆ। ਇਨ੍ਹਾਂ ਨੂੰ ਆਪਣੇ ਪਿੰਡ ਪੱਤੀ ਕਲਿਆਣ ਭਾਈਕੀ ਦਾ ਪਹਿਲਾ ਗਰੈਜੂਏਟ ਤੇ ਸਰਕਾਰੀ ਅਧਿਆਪਕ ਹੋਣ ਦਾ ਮਾਣ ਪ੍ਰਾਪਤ ਹੈ। ਇਨ੍ਹਾਂ ਨੇ ਪੰਜਵੀਂ ਤੱਕ ਦੀ ਪੜ੍ਹਾਈ ਸਰਕਾਰੀ ਪ੍ਰਾਇਮਰੀ ਸਕੂਲ ਕਲਿਆਣ ਭਾਈਕੀ ਤੋਂ, ਅੱਠਵੀਂ ਤੇ ਦਸਵੀਂ ਦੀ ਪੜ੍ਹਾਈ ਪਿੰਡ ਦੇ ਸਰਕਾਰੀ ਹਾਈ ਸਕੂਲ ਕਲਿਆਣ ਸੁੱਖਾ ਤੋਂ, ਬਾਰਵੀਂ ਦੀ ਪੜ੍ਹਾਈ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨਥਾਣਾ ਤੋਂ, ਬੀ. ਏ. ਤੇ ਐੱਮ.ਏ. ਦੀ ਪੜ੍ਹਾਈ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਅਤੇ ਬੀ. ਐੱਡ. ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਕੀਤੀ। ਉਪਰੰਤ ਇਨ੍ਹਾਂ ਨੇ 1991 ਵਿੱਚ ਆਪਣੀ ਪ੍ਰਾਈਵੇਟ ਸਰਵਿਸ ਸੰਤ ਬਾਬਾ ਲੌਗਪੁਰੀ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਪੱਖੋ ਕਲਾਂ ਤੋਂ ਬਤੌਰ ਮੈਥ ਮਾਸਟਰ ਸ਼ੁਰੂ ਕੀਤੀ। ਸਿੱਖਿਆ ਵਿਭਾਗ ਪੰਜਾਬ ਵੱਲੋਂ 1997 ਵਿੱਚ ਅਧਿਆਪਕ ਭਰਤੀ ਅਧੀਨ ਸਿਲੈਕਸ਼ਨ ਹੋਣ ਉਪਰੰਤ ਇਨ੍ਹਾਂ ਨੇ 04-09-1997 ਨੂੰ ਬਤੌਰ ਮੈਥ ਮਾਸਟਰ ਆਪਣੀ ਅਧਿਆਪਨ ਸੇਵਾ ਸਸਸਸ ਫੂਲ ਟਾਊਨ ਤੋਂ ਸ਼ੁਰੂ ਕੀਤੀ। ਸਾਲ 2007 ਤੋਂ 2009 ਤੱਕ ਗਿੱਲ ਕਲਾਂ ਤੇ ਸਾਲ 2009 ਤੋਂ 2016 ਤੱਕ ਬੁਰਜ ਗਿੱਲ ਵਿਖੇ ਡਿਊਟੀ ਨਿਭਾਉਣ ਉਪਰੰਤ 2016 ਵਿੱਚ ਬਤੌਰ ਲੈਕਚਰਾਰ ਅਰਥਸ਼ਾਸਤਰ ਪਦਉੱਨਤ ਹੋਣ ਉਪਰੰਤ ਸਸਸਸ ਫੂਲ ਟਾਊਨ ਵਿਖੇ ਜੁਆਇੰਨ ਕੀਤਾ। ਇਸ ਸਮੇਂ ਸਸਸਸ ਫੂਲ ਟਾਊਨ ਵਿਖੇ ਸੇਵਾ ਨਿਭਾਅ ਰਹੇ ਹਨ। ਇਨਸਾਫ ਪਸੰਦ, ਮਿਹਨਤੀ ਤੇ ਨੇਕ ਸੁਭਾਅ ਦੇ ਮਾਲਕ ਲੈਕਚਰਾਰ ਗੁਰਮੇਲ ਸਿੰਘ ਆਪਣੀ 27 ਸਾਲ 3 ਮਹੀਨੇ ਦੀ ਬੇਦਾਗ ਸੇਵਾ ਉਪਰੰਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫੂਲ ਟਾਊਨ ਤੋਂ 31 ਮਾਰਚ 2024 ਨੂੰ ਸੇਵਾ ਮੁਕਤ ਹੋ ਰਹੇ ਹਨ। ਇਹ ਵਿਦਿਆਰਥੀਆਂ ਵਿੱਚ ਸਿੱਖਿਆ ਦੇ ਨਾਲ ਨਾਲ ਵਿਗਿਆਨਕ ਸੋਚ ਪੈਦਾ ਕਰਨ ਲਈ ਸਕੂਲ ਵਿੱਚ ਤਰਕਸ਼ੀਲ ਸੁਸਾਇਟੀ ਦੇ ਸੈਮੀਨਾਰ ਕਰਵਾ ਕੇ ਚੇਤਨਾ ਪਰਖ ਪ੍ਰੀਖਿਆ ਵਿੱਚ ਵਿਦਿਆਰਥੀਆਂ ਨੂੰ ਸ਼ਾਮਲ ਕਰਵਾਉਂਦੇ ਰਹੇ ਹਨ, ਜਿਸ ਕਾਰਨ ਤਰਕਸ਼ੀਲ ਸੁਸਾਇਟੀ ਪੰਜਾਬ ਦੀ ਇਕਾਈ ਬਠਿੰਡਾ ਵੱਲੋਂ ਇਨ੍ਹਾਂ ਨੂੰ ਸਾਲ 2022 ਵਿੱਚ ਸਨਮਾਨ ਪੱਤਰ ਨਾਲ ਸਨਮਾਨਤ ਕੀਤਾ ਗਿਆ। ਸਾਲ 2015-16 ਦੌਰਾਨ 100 ਪ੍ਰਤੀਸ਼ਤ ਨਤੀਜੇ ਲਈ ਮਾਨਯੋਗ ਜ਼ਿਲ੍ਹਾ ਸਿੱਖਿਆ ਅਫਸਰ ਵੱਲੋਂ ਸਨਮਾਨਤ ਕੀਤਾ ਗਿਆ। ਸਾਲ 2021 ਵਿੱਚ ਮਾਨਯੋਗ ਸਿੱਖਿਆ ਸਕੱਤਰ ਪੰਜਾਬ ਵੱਲੋਂ ਪ੍ਰਸ਼ੰਸਾ ਪੱਤਰ ਦਿੱਤਾ ਗਿਆ। ਅਧਿਆਪਕ ਦਿਵਸ 2023 ਦੇ ਬਲਾਕ ਪੱਧਰੀ ਸਮਾਰੋਹ ਦੌਰਾਨ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਤ ਕੀਤਾ ਗਿਆ। ਇਨ੍ਹਾਂ ਨੂੰ ਹਰ ਖੇਤਰ ਵਿੱਚ ਵਧੀਆ ਕਾਰਗੁਜ਼ਾਰੀ ਕਾਰਨ ਸੁਤੰਤਰਤਾ ਦਿਵਸ 2018 ਤੇ ਗਣਤੰਤਰਤਾ ਦਿਵਸ 2024 ਦੇ ਤਹਿਸੀਲ ਪੱਧਰੀ ਸਮਾਰੋਹ ਦੌਰਾਨ ਮਾਨਯੋਗ ਐੱਸ.ਡੀ.ਐੱਮ. ਰਾਮਪੁਰਾ ਫੂਲ ਵੱਲੋਂ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਤ ਕੀਤਾ ਗਿਆ। ਸਕੂਲ ਸਟਾਫ, ਵਿਦਿਆਰਥੀ, ਸਕੂਲ ਪ੍ਰਬੰਧਕ ਕਮੇਟੀ ਤੇ ਨਗਰ ਨਿਵਾਸੀਆਂ ਵੱਲੋਂ ਇਨ੍ਹਾਂ ਨੂੰ 30 ਮਾਰਚ ਸ਼ਨੀਵਾਰ ਨੂੰ ਨਿੱਘੀ ਵਿਦਾਇਗੀ ਪਾਰਟੀ ਦਿੱਤੀ ਜਾ ਰਹੀ ਹੈ।

-ਦਰਸ਼ਨ ਜਿੰਦਲ, ਰਾਮਪੁਰਾ ਫੂਲ

ਨਕਲੀ ਸ਼ਰਾਬ ਨਾਲ ਬਿਮਾਰ ਸਾਰੇ ਵਿਅਕਤੀ ਤੰਦਰੁਸਤ ਹੋ ਕੇ ਘਰਾਂ ਨੂੰ ਪਰਤੇ : ਡੀ ਸੀ

ਸੁਨਾਮ/ਸੰਗਰੂਰ (ਅਸ਼ੋਕ ਬਾਂਸਲ, ਹਾਕਮ ਭੱਟੀ, ਪ੍ਰਵੀਨ ਸਿੰਘ) ਨਕਲੀ ਸ਼ਰਾਬ ਪੀਣ ਕਾਰਨ ਬਿਮਾਰ ਹੋਏ ਸਾਰੇ ਹੀ 28 ਨਾਗਰਿਕਾਂ ਨੂੰ ਵੱਖ+ਵੱਖ ਸਰਕਾਰੀ ਤੇ ਪ੍ਰਾਈਵੇਟ ਹਸਪਤਾਲਾਂ ਵਿੱਚੋਂ ਛੁੱਟੀ ਮਿਲ ਗਈ ਹੈ ਤੇ ਇਹ ਵਿਅਕਤੀ ਹੁਣ ਪੂਰੀ ਤਰ੍ਹਾਂ ਤੰਦਰੁਸਤ ਹੋਣ ਮਗਰੋਂ ਆਪੋ ਆਪਣੇ ਘਰਾਂ ਵਿੱਚ ਪਰਤ ਗਏ ਹਨ।ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਕਿਹਾ ਕਿ ਸਿਹਤ ਵਿਭਾਗ ਦੇ ਮਾਹਿਰ ਇਨ੍ਹਾਂ ਵਿਅਕਤੀਆਂ ਦੀ ਸਿਹਤ ਦੀ ਲਗਾਤਾਰ ਨਿਗਰਾਨੀ ਰੱਖਣਗੇ ਤਾਂ ਜੁ ਮੁੜ ਕਿਸੇ ਵੀ ਕਿਸਮ ਦੀ ਸਿਹਤ ਸਮੱਸਿਆ ਪੇਸ਼ ਨਾ ਆ ਸਕੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪਿਛਲੇ ਦਿਨਾਂ ਵਿੱਚ ਨਕਲੀ ਸ਼ਰਾਬ ਕਾਰਨ ਪ੍ਰਭਾਵਿਤ ਪਿੰਡਾਂ ਦੇ ਨਾਲ-ਨਾਲ ਹੋਰ ਨੇੜਲੇ ਇਲਾਕਿਆਂ ਵਿੱਚ ਪੂਰੀ ਮੁਸਤੈਦੀ ਰੱਖੀ ਜਾ ਰਹੀ ਹੈ। ਉਨ੍ਹਾਂ ਲੋਕਾਂ ਨੂੰ ਇਸ ਸਬੰਧੀ ਕਿਸੇ ਵੀ ਕਿਸਮ ਦੀਆਂ ਅਫ਼ਵਾਹਾਂ ਤੋਂ ਸੁਚੇਤ ਰਹਿਣ ਦੀ ਅਪੀਲ ਕੀਤੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਪੁਲਸ ਵਿਭਾਗ, ਐਕਸਾਈਜ਼ ਵਿਭਾਗਾਂ ਦੀਆਂ ਟੀਮਾਂ ਨੇ ਸ਼ਰਾਬ ਦੀ ਤਸਕਰੀ ਨੂੰ ਰੋਕਣ ਲਈ ਚੌਕਸੀ ਟੀਮਾਂ ਦਾ ਗਠਨ ਕੀਤਾ ਹੋਇਆ ਹੈ ਜੋ ਕਿ ਨਿਰੰਤਰ ਚੈਕਿੰਗ ਪ੍ਰਕਿਰਿਆ ਨੂੰ ਅਮਲ ਵਿੱਚ ਲਿਆ ਰਹੀਆਂ ਹਨ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚ ਆਦਰਸ਼ ਚੋਣ ਜ਼ਾਬਤਾ ਲਾਗੂ ਹੈ ਅਤੇ ਇਸ ਦੇ ਚਲਦਿਆਂ ਹਰੇਕ ਕਿਸਮ ਦੀਆਂ ਗਤੀਵਿਧੀਆਂ 'ਤੇ ਤਿੱਖੀ ਨਜ਼ਰ ਰੱਖਣ ਲਈ ਵੱਡੀ ਗਿਣਤੀ ਵਿੱਚ ਫਲਾਇੰਗ ਸਕੂਐਡ ਕਾਰਜਸ਼ੀਲ ਹਨ। ਉਨ੍ਹਾਂ ਜਿਲ੍ਹਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਜੇਕਰ ਉਹ ਆਪਣੇ ਆਲੇ ਦੁਆਲੇ ਕਿਸੇ ਵੀ ਕਿਸਮ ਦੀ ਸ਼ੱਕੀ ਗਤੀਵਿਧੀ ਨੂੰ ਦੇਖਣ ਤਾਂ ਇਸ ਬਾਰੇ ਸੂਚਨਾ ਪੁਲਸ ਦੇ ਹੈਲਪਲਾਈਨ ਨੰਬਰ 112 'ਤੇ ਜ਼ਰੂਰ ਸਾਂਝੀ ਕੀਤੀ ਜਾਵੇ।

ਪੰਜਾਬ ਪੈਨਸ਼ਨਰਜ਼ ਯੂਨੀਅਨ ਪੰਜਾਬ ਏਟਕ ਦੀ ਸੂਬਾਈ ਮੀਟਿੰਗ

ਮੁੱਲਾਂਪੁਰ ਦਾਖਾ (ਪੱਤਰ ਪ੍ਰੇਰਕ)

ਪੰਜਾਬ ਪੈਨਸ਼ਨਰਜ਼ ਯੂਨੀਅਨ ਪੰਜਾਬ ਏਟਕ (ਰਜਿ: ਨੰ: 47/2016) ਦੀ ਸੂਬਾਈ ਮਹੀਨਾਵਾਰ ਮੀਟਿੰਗ ਸੂਬਾ ਪ੍ਰਧਾਨ ਗੁਰਮੇਲ ਸਿੰਘ ਮੈਲਡੇ ਦੀ ਪ੍ਰਧਾਨਗੀ ਹੇਠ ਕਾਮਰੇਡ ਜਸਵੰਤ ਸਿੰਘ ਸਮਰਾ ਯਾਦਗਾਰ ਹਾਲ ਵਿਖੇ ਹੋਈ।ਇਸ ਮੌਕੇ ਮੀਟਿੰਗ ਸ਼ੁਰੂ ਕਰਨ ਸਮੇਂ ਜਨਰਲ ਸਕੱਤਰ ਅਵਤਾਰ ਸਿੰਘ ਗਗੜਾ ਵੱਲੋਂ ਪਿਛਲੇ ਸਮੇਂ ਦੌਰਾਨ ਪੈਨਸ਼ਨ ਯੂਨੀਅਨ ਦੇ ਆਗੂ ਮੁਕੰਦ ਲਾਲ ਦੇ ਅਚਨਚੇਤ ਅਕਾਲ ਕਰ ਜਾਣ 'ਤੇ ਅਤੇ ਹੋਰ ਕੁਦਰਤੀ ਆਫਤਾਂ ਹੋਈਆਂ ਮੌਤਾਂ ਹੋਣ 'ਤੇ ਦੋ ਮਿੰਟ ਦਾ ਮੌਨ ਧਾਰਨ ਕਰਕੇ ਵਿੱਛੜੀਆਂ ਰੂਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।ਯੂਨੀਅਨ ਦੇ ਆਗੂਆਂ ਸਰਵ ਸ੍ਰੀ ਅਵਤਾਰ ਸਿੰਘ ਤਾਰੀ, ਗੁਰਬਖਸ਼ ਸਿੰਘ ਢਿੱਲੋਂ, ਸਵਰਨ ਸਿੰਘ ਹਠੂਰ, ਬਲਰਾਜ ਸਿੰਘ ਭੰਗੂ, ਇਕਬਾਲ ਸਿੰਘ ਪਠਾਨਕੋਟ, ਨਸੀਬ ਸਿੰਘ ਜੜੌਤ, ਜਗਤਾਰ ਸਿੰਘ ਭੁੰਗਰਨੀ, ਸੱਤਿਆਪਾਲ ਗੁਪਤਾ, ਗੁਰਮੇਲ ਸਿੰਘ ਮੈਲਡੇ ਨੇ ਦੱਸਿਆ ਕਿ ਮੌਜੂਦਾ ਸਰਕਾਰ ਵੀ ਪਹਿਲਾਂ ਵਾਲੀਆਂ ਸਰਕਾਰਾਂ ਦੇ ਪੂਰਨਿਆਂ 'ਤੇ ਚੱਲਦੀ ਪੰਜਾਬ ਦੇ ਪੈਨਸ਼ਨਰਾਂ ਹੱਕੀ ਮੰਗਾਂ ਨੂੰ ਲਾਗੂ ਨਹੀਂ ਕਰ ਰਹੀ ਜਿਵੇਂ ਕਿ 31-12-2015 ਤੱਕ ਰਿਟਾਇਰ ਹੋਏ ਪੈਨਸ਼ਨਰਾਂ ਨੂੰ 2.59 ਦਾ ਫਾਰਮੂਲਾ ਲਾਗੂ ਨਹੀਂ ਕਰ ਰਹੀ ਇੱਥੋਂ ਤੱਕ ਜਿਸ ਫਾਰਮੂਲੇ ਨਾਲ ਪਹਿਲਾਂ ਪੈਨਸ਼ਨ ਸੋਧੀ ਗਈ ਹੈ ਉਸ ਦਾ ਮਿਤੀ 1-1-2016 ਤੋਂ 30-06-2021 ਤੱਕ 66 ਮਹੀਨਿਆਂ ਦਾ ਬਕਾਇਆ ਨਹੀਂ ਦੇ ਰਹੀ। ਸੈਂਟਰ ਦੇ ਪੈਨਸ਼ਨਰਾਂ ਨੂੰ ਪੈਨਸ਼ਨ ਨਾਲ 50% ਪ੍ਰਤੀਸ਼ਤ ਮਹਿੰਗਾਈ ਭੱਤਾ ਮਿਲ ਰਿਹਾ ਹੈ, ਪਰ ਭਗਵੰਤ ਸਿੰਘ ਮਾਨ ਦੀ ਮੌਜੂਦਾ ਸਰਕਾਰ ਪੰਜਾਬ ਦੇ ਪੈਨਸ਼ਨਰਾਂ ਨੂੰ 38% ਪ੍ਰਤੀਸ਼ਤ ਮਹਿੰਗਾਈ ਭੱਤਾ ਦੇ ਰਹੀ ਹੈ ਜੋ ਕਿ ਡੀ ਏ ਦਾ ਬਕਾਇਆ ਵੀ ਨਹੀਂ ਦੇ ਰਹੀ।ਇਨ੍ਹਾਂ ਬਕਾਇਆਂ ਨੂੰ ਉਡੀਕਦੇ ਉਡੀਕਦੇ ਬਹੁਤੇ ਪੈਨਸ਼ਨਰ ਦੁਨੀਆ ਤੋਂ ਜਾ ਚੁੱਕੇ ਹਨ।ਪੰਜਾਬ ਸਰਕਾਰ ਤੋਂ ਅਸੀਂ ਵਾਰ-ਵਾਰ ਮੰਗ ਕਰ ਰਹੇ ਹਾਂ ਕਿ ਪੈਨਸ਼ਨਰਾਂ ਦੀਆਂ ਹੱਕੀ ਮੰਗਾਂ ਮੰਨਦੇ ਹੋਏ ਬਕਾਏ ਤੁਰੰਤ ਦਿੱਤੇ ਜਾਣ।ਮਹਿੰਗਾਈ ਭੱਤੇ ਦੀ ਤਿੰਨ ਕਿਸ਼ਤਾਂ ਦਿੱਤੀਆਂ ਜਾਣ।

ਇਸ ਮੌਕੇ ਯੂਨੀਅਨ ਦੇ ਮੁੱਖ ਸਲਾਹਕਾਰ ਜਗਦੀਸ਼ ਸਿੰਘ ਚਾਹਲ ਨੇ ਦੱਸਿਆ ਕਿ ਭਗਵੰਤ ਸਿੰਘ ਮਾਨ ਦੀ ਸਰਕਾਰ ਪੰਜਾਬ ਸਰਕਾਰ ਦੇ ਵਰਕਰਾਂ ਤੇ ਪੈਨਸ਼ਨਰਾਂ ਦੀ ਜਾਇਜ਼ ਮੰਗਾਂ ਨਹੀਂ ਮੰਨ ਰਹੀ ਮੰਨੀਆਂ ਹੋਈਆਂ ਮੰਗਾਂ ਲਾਗੂ ਨਹੀਂ ਕਰ ਰਹੀ ਮਾਨਯੋਗ ਅਦਾਲਤਾਂ ਵੱਲੋਂ ਜਿਹ

29-March-PAGE-8.qxd 3/28/2024 11:07 PM Page 1

ਗੰਨਿਆਂ ਨਾਲ ਭਰੀ ਟਰੈਕਟਰ-ਟਰਾਲੀ ਪਲਟਣ ਕਾਰਨ ਆਵਾਜਾਈ ਹੋਈ ਪ੍ਰਭਾਵਤ

ਫਿਲੌਰ (ਨਿਰਮਲ)

ਸਵੇਰੇ 8 ਵਜੇ ਦੇ ਕਰੀਬ ਫਿਲੌਰ ਬਾਈਪਾਸ ਸਿਕਸ ਲੇਨ 'ਤੇ ਪਿੰਡ ਰਾਮਗੜ੍ਹ ਨੇੜੇ ਗੰਨਿਆਂ ਨਾਲ ਭਰੀ ਇੱਕ ਟਰੈਕਟਰ ਟਰਾਲੀ ਪਲਟ ਗਈ, ਜਿਸ ਕਾਰਨ ਗੰਨੇ ਫਿਲੌਰ-ਲੁਧਿਆਣਾ ਸੜਕ 'ਤੇ ਜਾ ਡਿੱਗੇ ਅਤੇ ਟਰੈਫਿਕ ਜਾਮ ਹੋ ਗਿਆ ਪਰ ਜਾਨੀ ਨੁਕਸਾਨ ਹੋਣੋਂ ਬਚਾਓ ਹੋ ਗਿਆ। ਮਿਲੀ ਜਾਣਕਾਰੀ ਮੁਤਾਬਿਕ ਟਰੈਕਟਰ ਚਾਲਕ ਨੇ ਦੱਸਿਆ ਕਿ ਉਹ ਆਪਣਾ ਵਾਹਨ ਲੁਧਿਆਣਾ ਵਾਲੀ ਸੜਕ 'ਤੇ ਚੜ੍ਹਾ ਰਿਹਾ ਸੀ ਤਾਂ ਅਚਾਨਕ ਇੱਕ ਮੂਹਰੇ ਕਾਰ ਆ ਗਈ, ਉਸ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਤੇ ਟਰੈਕਟਰ ਟਰਾਲੀ ਬੇਕਾਬੂ ਹੋ ਕੇ ਪਲਟ ਗਿਆ। ਹਾਈਵੇ ਪੁਲਸ ਪਾਰਟੀ ਆਈ ਅਤੇ ਉਹਨਾਂ ਨੇ ਟਰੈਫਿਕ ਸ਼ਹਿਰ ਵਿੱਚੋਂ ਦੀ ਲੰਘਦੀ ਪੁਰਾਣੀ ਜੀ ਟੀ ਰੋਡ ਤੋਂ ਲੰਘਾਉਣਾ ਸ਼ੁਰੂ ਕਰ ਦਿੱਤਾ। ਲੇਬਰ ਮੰਗਵਾ ਕੇ ਗੰਨਿਆਂ ਨੂੰ ਇੱਕ ਪਾਸੇ ਕੀਤਾ। ਕਰੇਨ ਮੰਗਵਾ ਕੇ ਟਰੈਕਟਰ ਟਰਾਲੀ ਨੂੰ ਸਿੱਧਾ ਕਰਕੇ ਇੱਕ ਪਾਸੇ ਕੀਤਾ ਤੇ ਲਗਭਗ 3 ਘੰਟੇ ਬਾਅਦ ਇਸ ਸੜਕ 'ਤੇ ਆਵਾਜਾਈ ਮੁੜ ਸ਼ੁਰੂ ਹੋਈ।

ਗ੍ਰੈਜੂਏਸ਼ਨ ਸਮਾਰੋਹ ਤੇ ਸਾਲਾਨਾ ਨਤੀਜਾ ਸਮਾਰੋਹ ਕਰਵਾਇਆ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)

ਸਰਕਾਰੀ ਸਕੂਲਾਂ ਲਈ ਆਪਣੀ ਕਿਸਮ ਦੀ ਪਹਿਲਕਦਮੀ ਤਹਿਤ ਵੀਰਵਾਰ ਨੂੰ ਸਰਕਾਰੀ ਐਲੀਮੈਂਟਰੀ ਸਕੂਲ ਜਲਾਲਪੁਰ ਦੇ ਬੱਚਿਆਂ ਲਈ ਗ੍ਰੈਜੂਏਸ਼ਨ ਸਮਾਰੋਹ ਅਤੇ ਸਾਲਾਨਾ ਨਤੀਜਾ ਸਮਾਰੋਹ ਕਰਵਾਇਆ ਗਿਆ। ਛੋਟੇ ਬੱਚਿਆਂ ਨੇ ਟੋਪੀਆਂ ਪਹਿਨੀਆਂ ਅਤੇ ਸਟੇਜ 'ਤੇ ਮੈਡਲ ਅਤੇ ਸਕਰੋਲ ਪ੍ਰਾਪਤ ਕੀਤੇ, ਜਦੋਂ ਕਿ ਮਹਿਮਾਨਾਂ ਦੇ ਵਿਚਕਾਰ ਬੈਠੇ ਉਨ੍ਹਾਂ ਦੇ ਮਾਪਿਆਂ ਨੇ ਮਾਣ ਨਾਲ ਇਸ ਪਲ ਦਾ ਅਨੰਦ ਲਿਆ। ਅਧਿਆਪਕਾਂ ਨੇ ਆਪਣੇ ਕਲਾਸਰੂਮਾਂ ਨੂੰ ਰੰਗਦਾਰ ਚਾਰਟ, ਪ੍ਰੀ-ਸਕੂਲ ਸਮੱਗਰੀ, ਰੰਗੀਨ ਖਿਡੌਣੇ, ਗੇਂਦਾਂ, ਕਹਾਣੀਆਂ ਦੀਆਂ ਕਿਤਾਬਾਂ, ਮਿੱਟੀ, ਬੱਚਿਆਂ ਦੀਆਂ ਡਰਾਇੰਗ ਗਤੀਵਿਧੀਆਂ, ਪੋਸਟਰਾਂ ਅਤੇ ਵੱਖ-ਵੱਖ ਤਸਵੀਰਾਂ ਨਾਲ ਸਜਾਇਆ ਸੀ। ਪ੍ਰੋਗਰਾਮ ਦੌਰਾਨ ਪ੍ਰਮੋਟ ਹੋਏ ਵਿਦਿਆਰਥੀਆਂ ਦੀ ਪ੍ਰਗਤੀ ਰਿਪੋਰਟ ਵੀ ਉਨ੍ਹਾਂ ਦੇ ਮਾਪਿਆਂ ਨੂੰ ਸੌਂਪੀ ਗਈ ਤਾਂ ਜੋ ਉਹ ਆਪਣੇ ਬੱਚਿਆਂ ਦੀ ਕਾਰਗੁਜ਼ਾਰੀ ਤੋਂ ਜਾਣੂ ਹੋ ਸਕਣ।ਸਕੂਲ ਇੰਚਾਰਜ ਰਾਜਵਿੰਦਰ ਕੌਰ ਨੇ ਦੱਸਿਆ ਕਿ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਕਾਰਗੁਜ਼ਾਰੀ ਲਈ ਸਨਮਾਨਿਤ ਕੀਤਾ ਗਿਆ। ਉਨ੍ਹਾਂ ਇਹ ਵੀ ਦੱਸਿਆ ਕਿ ਇਨ੍ਹਾਂ ਵਿਦਿਆਰਥੀਆਂ ਨੂੰ ਸਿੱਖਿਆ ਵਿੱਚ ਉੱਚ ਸਥਾਨ ਹਾਸਲ ਕਰਨ ਲਈ ਉਤਸ਼ਾਹਿਤ ਕਰਨ ਲਈ ਇਸ ਪ੍ਰੋਗਰਾਮ ਵਿੱਚ ਮਾਪਿਆਂ ਸਮੇਤ 80 ਤੋਂ ਵੱਧ ਭਾਈਚਾਰੇ ਦੇ ਮੈਂਬਰਾਂ ਨੇ ਭਾਗ ਲਿਆ।ਉਨ੍ਹਾਂ ਇਹ ਵੀ ਦੱਸਿਆ ਕਿ ਇਸ ਪ੍ਰੋਗਰਾਮ ਦੇ ਪਿੱਛੇ ਦਾ ਉਦੇਸ਼ ਉਨ੍ਹਾਂ ਸਾਰੇ ਮਾਪਿਆਂ ਦਾ ਧੰਨਵਾਦ ਕੀਤਾ ਗਿਆ ਜਿਨ੍ਹਾਂ ਨੇ ਉਨ੍ਹਾਂ 'ਤੇ ਭਰੋਸਾ ਪ੍ਰਗਟਾਇਆ ਅਤੇ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਭੇਜ ਕੇ ਸਹਾਇਤਾ ਕਰਦੇ ਹਨ। ਇਸ ਮੌਕੇ ਅਧਿਆਪਕ ਜਗਮੀਤ ਸਿੰਘ, ਪ੍ਰਵੀਨ ਗੁਲਿਆਨੀ ਅਤੇ ਪਤਵੰਤੇ ਹਾਜ਼ਰ ਸਨ।

ਜੀ ਟੀ ਯੂ ਆਗੂ ਜਸਵਿੰਦਰ ਸਿੰਘ ਨਾਲ ਦੁੱਖ ਦਾ ਪ੍ਰਗਟਾਵਾ

ਬੁੱਲੋਵਾਲ,(ਵਿਰਦੀ)

ਗੌਰਮਿੰਟ ਟੀਚਰਜ਼ ਯੂਨੀਅਨ (ਜੀ.ਟੀ.ਯੂ.) ਪੰਜਾਬ ਜ਼ਿਲ੍ਹਾ ਹੁਸ਼ਿਆਰਪੁਰ ਦੇ ਪ੍ਰਧਾਨ ਪ੍ਰਿੰਸੀਪਲ ਅਮਨਦੀਪ ਸ਼ਰਮਾ, ਜਨਰਲ ਸਕੱਤਰ ਜਸਵੀਰ ਤਲਵਾੜਾ ਅਤੇ ਵਿੱਤ ਸਕੱਤਰ ਪ੍ਰਿੰਸੀਪਲ ਹਰਜੀਤ ਸਿੰਘ ਨੇ ਇੱਕ ਸਾਂਝੇ ਪ੍ਰੈਸ ਬਿਆਨ ਵਿੱਚ ਕਿਹਾ ਹੈ ਕਿ ਜੱਥੇਬੰਦੀ ਵਲੋਂ ਜੀ.ਟੀ.ਯੂ. ਬਲਾਕ ਬੁਲ੍ਹੋਵਾਲ ਦੇ ਪ੍ਰਧਾਨ ਜਸਵਿੰਦਰ ਸਿੰਘ ਦੇ ਪਿਤਾ ਸੂਬੇਦਾਰ ਮੇਜਰ ਰਾਮ ਕਿਸ਼ਨ ਦੀ ਹੋਈ ਅਚਾਨਕ ਮੌਤ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ ਅਤੇ ਵਿਛੜੀ ਰੂਹ ਦੀ ਆਤਮਿਕ ਸ਼ਾਂਤੀ ਦੀ ਕਾਮਨਾ ਕਰਦਿਆਂ ਪਰਵਾਰ ਨਾਲ ਹਮਦਰਦੀ ਪ੍ਰਗਟ ਕੀਤੀ ਜਾਂਦੀ ਹੈ।ਜੱਥੇਬੰਦੀ ਦੇ ਜ਼ਿਲ੍ਹਾ ਪ੍ਰੈਸ ਸਕੱਤਰ ਵਿਕਾਸ ਸ਼ਰਮਾ ਨੇ ਦੱਸਿਆ ਕਿ ਰਾਮ ਕਿਸ਼ਨ ਵਲੋਂ ਆਪਣੇ ਪੂਰੇ ਪਰਵਾਰ ਨੂੰ ਵਧੀਆ ਸੰਸਕਾਰ ਦਿੱਤੇ ਅਤੇ ਬੱਚਿਆਂ ਨੂੰ ਅਧਿਆਪਨ ਕਿੱਤੇ ਦੇ ਨਾਲ ਹੀ ਸਮਾਜ ਅੰਦਰ ਫੈਲੀਆਂ ਕੁਰੀਤੀਆਂ ਵਿਰੁੱਧ ਆਵਾਜ਼ ਉਠਾਉਣ ਅਤੇ ਮੁਲਾਜ਼ਮ ਲਹਿਰ ਦੀਆਂ ਸੇਵਾ ਹਾਲਤਾਂ ਨੂੰ ਬਿਹਤਰ ਬਣਾਉਣ ਲਈ ਚੱਲ ਰਹੇ ਸੰਘਰਸ਼ਾਂ ਵਿਚ ਯੋਗਦਾਨ ਪਾਉਣ ਸਬੰਧੀ ਵੀ ਪ੍ਰੇਰਿਤ ਕੀਤਾ। ਆਗੂਆਂ ਨੇ ਕਿਹਾ ਕਿ ਜੱਥੇਬੰਦੀ ਇਸ ਮੌਕੇ ਉਹਨਾਂ ਦੇ ਪਰਵਾਰ ਨਾਲ ਦੁੱਖ ਵਿੱਚ ਸ਼ਰੀਕ ਹੁੰਦੀ ਹੈ। ਇਸ ਮੌਕੇ ਜੀ.ਟੀ.ਯੂ. ਆਗੂ ਲੈਕਚਰਾਰ ਅਮਰ ਸਿੰਘ, ਪ੍ਰਿਤਪਾਲ ਸਿੰਘ, ਪ੍ਰਿੰਸ ਗੜ੍ਹਦੀਵਾਲਾ, ਸ਼ਾਮ ਸੁੰਦਰ ਕਪੂਰ, ਨਰਿੰਦਰ ਅਜਨੋਹਾ, ਲੈਕਚਰਾਰ ਜਸਵੰਤ ਸਿੰਘ, ਬਲਜੀਤ ਕੌਸ਼ਲ, ਨਰਿੰਦਰ ਮੰਗਲ, ਰਾਜ ਕੁਮਾਰ, ਰਣਵੀਰ ਠਾਕੁਰ, ਸੰਜੀਵ ਧੂਤ, ਸੁਨੀਲ ਸ਼ਰਮਾ, ਕਮਲਦੀਪ ਸਿੰਘ, ਅਸ਼ੋਕ ਕੁਮਾਰ, ਪਰਸ ਰਾਮ, ਗੁਰਵਿੰਦਰ ਜੱਜ, ਸੁਰਿੰਦਰ ਕੁਮਾਰ, ਨਰੇਸ਼ ਕੁਮਾਰ, ਵਰਿੰਦਰ ਵਿੱਕੀ, ਸੰਦੀਪ ਸ਼ਰਮਾ, ਅਰਵਿੰਦਰ ਸਿੰਘ, ਪ.ਸ.ਸ.ਫ਼. ਆਗੂ ਸਤੀਸ਼ ਰਾਣਾ, ਮੱਖਣ ਸਿੰਘ ਵਾਹਿਦਪੁਰੀ, ਇੰਦਰਜੀਤ ਵਿਰਦੀ, ਸੁਖਦੇਵ ਜਾਜਾ, ਸ਼ਾਂਤੀ ਸਰੂਪ, ਮੱਖਣ ਸਿੰਘ ਲੰਗੇਰੀ, ਰਜੀਵ ਕੁਮਾਰ, ਗੁਰਪ੍ਰੀਤ ਸਿੰਘ ਹੀਰ, ਪਵਨ ਕੁਮਾਰ, ਰਕੇਸ਼ ਕੁਮਾਰ ਮਹਿਲਾਂਵਾਲੀ, ਮਨੋਹਰ ਸਿੰਘ ਸੈਣੀ, ਬਿਕਰਮਜੀਤ ਸਿੰਘ, ਅਮਰਜੀਤ ਕੁਮਾਰ, ਪ੍ਰੇਮ ਚੰਦ ਆਦਿ ਵੀ ਹਾਜਰ ਸਨ।

5200 ਰੁਪਏ ਰਿਸ਼ਵਤ ਲੈਣ ਦੇ ਦੋਸ਼ ਹੇਠ ਮਾਲ ਪਟਵਾਰੀ ਕਾਬੂ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਜਾਰੀ ਆਪਣੀ ਮੁਹਿੰਮ ਦੌਰਾਨ ਤਹਿਸੀਲ ਦਫ਼ਤਰ ਦਸੂਹਾ, ਹੁਸ਼ਿਆਰਪੁਰ ਵਿਖੇ ਤਾਇਨਾਤ ਮਾਲ ਪਟਵਾਰੀ ਪਰਮਵੀਰ ਸਿੰਘ ਨੂੰ 5200 ਰੁਪਏ ਰਿਸ਼ਵਤ ਮੰਗਣ ਅਤੇ ਲੈਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ। ਦੱਸਣਯੋਗ ਹੈ ਕਿ ਉਕਤ ਮੁਲਜ਼ਮ ਪਿਛਲੇ ਇੱਕ ਮਹੀਨੇ ਤੋਂ ਇਸ ਕੇਸ ਵਿੱਚ ਆਪਣੀ ਗ੍ਰਿਫ਼ਤਾਰੀ ਤੋਂ ਬਚਦਾ ਆ ਰਿਹਾ ਸੀ।ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਕਤ ਮਾਲ ਕਰਮਚਾਰੀ ਨੂੰ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਪੰਨਵਾਂ ਦੀ ਵਸਨੀਕ ਮਨਪ੍ਰੀਤ ਕੌਰ ਵੱਲੋਂ ਮੁੱਖ ਮੰਤਰੀ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ 'ਤੇ ਦਰਜ ਕਰਵਾਈ ਗਈ ਸ਼ਿਕਾਇਤ ਦੀ ਪੜਤਾਲ ਉਪਰੰਤ ਗ੍ਰਿਫ਼ਤਾਰ ਕੀਤਾ ਗਿਆ ਹੈ।ਉਕਤ ਸ਼ਿਕਾਇਤ ਦੀ ਪੜਤਾਲ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਉਕਤ ਮੁਲਜ਼ਮ ਨੇ ਸ਼ਿਕਾਇਤਕਰਤਾ ਦੀ ਜ਼ਮੀਨ ਦੀ ਨਿਸ਼ਾਨਦੇਹੀ ਲਈ ਉਸ ਤੋਂ 5,200 ਰੁਪਏ ਰਿਸ਼ਵਤ ਲਈ ਸੀ ਅਤੇ ਇਸ ਮੰਤਵ ਬਾਰੇ ਉਸ ਦੀ ਦਰਖਾਸਤ ਨੂੰ ਤਿੰਨ ਮਹੀਨੇ ਤੱਕ ਲਟਕਾ ਕੇ ਰੱਖਿਆ।ਜ਼ਿਕਰਯੋਗ ਹੈ ਕਿ ਜਾਂਚ ਮੁਕੰਮਲ ਹੋਣ ਤੋਂ ਬਾਅਦ ਪਿਛਲੇ ਮਹੀਨੇ ਵਿਜੀਲੈਂਸ ਬਿਊਰੋ ਥਾਣਾ ਜਲੰਧਰ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮਾਮਲਾ ਦਰਜ ਕੀਤਾ ਗਿਆ ਸੀ ਪਰ ਮੁਲਜ਼ਮ ਪਟਵਾਰੀ ਉਦੋਂ ਤੋਂ ਹੀ ਆਪਣੀ ਗ੍ਰਿਫ਼ਤਾਰੀ ਤੋਂ ਬਚਦਾ ਆ ਰਿਹਾ ਸੀ।

ਜੇ ਐਨ ਯੂ ਦੀਆਂ ਵਿਦਿਆਰਥੀ ਚੋਣਾਂ 'ਚ ਖੱਬੇ-ਪੱਖੀਆਂ ਦੀ ਜਿੱਤ 'ਤੇ ਦਿੱਤੀ ਇਨਕਲਾਬੀ ਮੁਬਾਰਕਬਾਦ

ਮਹਿਤਪੁਰ (ਰਾਜਾ)

ਜਵਾਹਰ ਲਾਲ ਨਹਿਰੂ ਯੂਨੀਵਰਸਿਟੀ (ਜੇ.ਐਨ.ਯੂ.) ਵਿਚ ਚਾਰ ਸਾਲਾਂ ਬਾਅਦ ਹੋਈਆਂ ਵਿਦਿਆਰਥੀ ਚੋਣਾਂ ਵਿੱਚ ਇੱਕ ਵਾਰ ਮੁੜ ਖੱਬੇ ਪੱਖੀ ਵਿਦਿਆਰਥੀਆਂ ਨੇ ਫਿਰ ਹੂੰਝਾ ਫੇਰੂ ਜਿੱਤ ਪ੍ਰਾਪਤ ਕੀਤੀ ਹੈ ।ਜਥੇਬੰਦੀ ਦੇ ਸੂਬਾ ਪ੍ਰਧਾਨ ਨਵਪ੍ਰੀਤ ਬੱਲੀ, ਸੂਬਾ ਜਨਰਲ ਸਕੱਤਰ ਸੁਰਿੰਦਰ ਕੰਬੋਜ, ਵਿੱਤ ਸਕੱਤਰ ਸੋਮ ਸਿੰਘ, ਪ੍ਰੈਸ ਸਕੱਤਰ ਐਨ.ਡੀ. ਤਿਵਾੜੀ, ਗੁਰਜੀਤ ਸਿੰਘ, ਕੰਵਲਜੀਤ ਸੰਗੋਵਾਲ ਤੇ ਹੋਰ ਆਗੂਆਂ ਨੇ ਦੱਸਿਆ ਕਿ ਖੱਬੇ ਪੱਖੀ ਸਾਂਝੇ ਗੱਠ- ਜੋੜ ਨੇ ਪ੍ਰਧਾਨ, ਮੀਤ ਪ੍ਰਧਾਨ, ਸਕੱਤਰ ਤੇ ਸੰਯੁਕਤ ਸਕੱਤਰ ਦੀਆਂ ਚਾਰੇ ਸੀਟਾਂ 'ਤੇ ਗੱਲਬਾਤ ਪਾ ਲਿਆ ਹੈ। ਅਖਿਲ ਭਾਰਤੀ ਵਿਦਿਆਰਥੀ ਪਰਿਸ਼ਦ (ਏ.ਬੀ.ਵੀ.ਪੀ.) ਦੀਆਂ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਇਕ ਵੀ ਸੀਟ ਹਾਸਿਲ ਨਹੀਂ ਕਰ ਸਕੀ। ਪ੍ਰਧਾਨਗੀ ਅਹੁਦੇ 'ਤੇ ਆਲ ਇੰਡੀਆ ਸਟੂਡੈਂਟਸ ਐਸੋਸੀਏਸ਼ਨ ਦੇ ਧਨੰਜੇ ਨੇ ਕਬਜ਼ਾ ਕੀਤਾ ਹੈ, ਮੀਤ ਪ੍ਰਧਾਨ ਦੇ ਅਹੁਦੇ ਤੇ ਸਟੂਡੈਂਟ ਫੈਡਰੇਸ਼ਨ ਆਫ ਇੰਡੀਆ (ਐਸ.ਐਫ.ਆਈ) ਦੇ ਅਵਿਜੀਤ ਘੋਸ਼ ਜੇਤੂ ਰਹੇ, ਸਕੱਤਰ ਦੇ ਅਹੁਦੇ ਤੇ ਬਿਰਸਾ ਅੰਬੇਡਕਰ ਫੂਲੇ ਸਟੂਡੈਂਟ ਐਸੋਸੀਏਸ਼ਨ ਦੀ ਪ੍ਰੀਆਸੀ ਆਰੀਆ ਤੇ ਸੰਯੁਕਤ ਸਕੱਤਰ ਦੇ ਆਹੁਦੇ 'ਤੇ ਮੁਹੰਮਦ ਸਾਜਦ ਨੇ ਜਿੱਤ ਹਾਸਲ ਕੀਤੀ ਹੈ। ਆਗੂਆਂ ਨੇ ਆਖਿਆ ਕਿ ਪਿਛਲੇ ਦਿਨੀ ਹੋਈ ਚੋਣ ਵਿੱਚ 7751 ਵੋਟਰਾਂ ਵਿੱਚੋਂ 5656 ਨੇ ਵੋਟ ਦੇ ਹੱਕ ਦੀ ਵਰਤੋਂ ਕੀਤੀ। ਦਸ ਸਾਲਾਂ ਦੇ ਸਮੇਂ ਵਿੱਚ ਸਭ ਤੋਂ ਵੱਧ 73 ਫੀਸਦੀ ਵੋਟਾਂ ਪਈਆਂ। ਪ੍ਰਧਾਨਗੀ ਅਹੁਦੇ ਲਈ ਕੁੱਲ ਅੱਠ ਉਮੀਦਵਾਰ ਮੈਦਾਨ ਵਿੱਚ ਸਨ। ਸਾਥੀ ਧਨੰਜੇ ਨੂੰ 2598 ਵੋਟਾਂ ਤੇ ਏ.ਬੀ.ਵੀ.ਪੀ ਦੇ ਉਮੀਦਵਾਰ ਰਮੇਸ਼ ਚੰਦ ਅਜਮੀਰਾਂ ਨੂੰ ਸਿਰਫ 1676 ਵੋਟਾਂ ਪਈਆਂ ਹਨ।

ਬਘਾਣਾ ਵਿਖੇ ਬਿਸਤ ਦੋਆਬਾ ਨਹਿਰ 'ਤੇ ਚਾਰ ਰੋਜ਼ਾ ਲੰਗਰ ਲਗਾਇਆ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)

ਪਿੰਡ ਬਘਾਣਾ ਵਿਖੇ ਬਿਸਤ ਦੁਆਬਾ ਨਹਿਰ 'ਤੇ ਭਾਈ ਘੱਨਈਆ ਜੀ ਨੌਜਵਾਨ ਸੁਸਾਇਟੀ ਬਘਾਣਾ,ਗੁਰਦੁਆਰਾ ਸਿੰਘ ਸਭਾ ਪ੍ਰਬੰਧਕ ਕਮੇਟੀ ਬਘਾਣਾ, ਮਹਿਲਾ ਮੰਡਲ ਬਘਾਣਾ, ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੀਆਂ ਸਹਿਯੋਗ ਨਾਲ ਗੜ੍ਹਸ਼ੰਕਰ ਤੋਂ ਆਦਮਪੁਰ ਜਾਣ ਵਾਲੀ ਸੜਕ 'ਤੇ ਸਾਲਾਨਾ 15ਵਾਂ ਹੋਲਾ ਮਹੱਲਾ ਚਾਰ ਰੋਜ਼ਾ ਲੰਗਰ ਲਗਾਇਆ ਗਿਆ। ਸੋਸਾਇਟੀ ਪ੍ਰਧਾਨ ਮਨਜਿੰਦਰ ਸਿੰਘ ਬਾਜਵਾ, ਪ੍ਰਧਾਨ ਜੋਗਿੰਦਰ ਸਿੰਘ ਚੀਮਾ,ਗੁਰਮੇਲ ਸਿੰਘ ਬਘਾਣਾ ਨੇ ਦੱਸਿਆ ਕਿ ਸਭ ਤੋਂ ਪਹਿਲਾਂ ਨਗਰ ਕੀਰਤਨ ਦੇ ਰੂਪ ਵਿੱਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਪੰਡਾਲ ਵਿੱਚ ਲਿਆਂਦੇ ਗਏ।ਸ੍ਰੀ ਸੁਖਮਨੀ ਸਾਹਿਬ ਜੀ ਦੇ ਭੋਗ ਪਾਏ ਗਏ। ਭਾਈ ਪਰਮਜੀਤ ਸਿੰਘ ਹੌਂਡ ਗ੍ਰੰਥੀ ਬਘਾਣਾ ਨੇ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।ਉਪਰੰਤ ਸਾਲਾਨਾ 15ਵਾਂ ਹੋਲਾ ਮਹੱਲਾ ਚਾਰ ਰੋਜ਼ਾ ਲੰਗਰ ਲਗਾਏ ਗਏ। ਇਸ ਮੌਕੇ ਡਾਕਟਰ ਬਹਾਦਰ ਸਿੰਘ ਬਘਾਣਾ, ਬੀਬੀ ਗੁਰਬਚਨ ਕੌਰ ਪ੍ਰਧਾਨ ਮਹਿਲਾ ਮੰਡਲ, ਬਲਵਿੰਦਰ ਸਿੰਘ ਗਿੱਲ, ਸੁਰਜੀਤ ਸਿੰਘ ਚੀਮਾ, ਸੁਰਜੀਤ ਸਿੰਘ ਆੜਤੀਆ, ਦੀਦਾਰ ਸਿੰਘ ਹੁੰਦਲ ,ਭੁਪਿੰਦਰ ਸਿੰਘ ਹੁੰਦਲ, ਮਨਜੀਤ ਸਿੰਘ ਚੀਮਾ ਫੌਜੀ, ਕੁਲਦੀਪ ਸਿੰਘ ਚੀਮਾ, ਅਮੀਰ ਸਿੰਘ ਵਿਰਕਾ, ਹਰਜੀਤ ਸਿੰਘ ਚੀਮਾ, ਕੁਲਵੰਤ ਸਿੰਘ, ਨਵਜੋਤ ਸਿੰਘ, ਜਸਵੰਤ ਸਿੰਘ, ਡਾਕਟਰ ਸਤਵਿੰਦਰਜੀਤ ਪਿੰਕੀ, ਸਰਪੰਚ ਦੇਸਰਾਜ, ਗੁਰਪ੍ਰੀਤ ਸਿੰਘ ਚੀਮਾ ਸਾਬਕਾ ਸਰਪੰਚ ਆਦਿ ਹਾਜ਼ਰ ਸਨ।

ਮਾਣਕਾਂ ਵਿਖੇ ਸਾਲਾਨਾ ਮੇਲਾ ਮਨਾਇਆ

ਬੰਗਾ (ਅਵਤਾਰ ਕਲੇਰ)

ਜਲ ਦੇਵਤਾ ਮੰਦਿਰ ਬਾਬਾ ਖੇੜੀ ਵਾਲਾ ਪਿੰਡ ਮਾਣਕਾਂ ਵਿਖੇ ਸਲਾਨਾ ਮੇਲਾ ਗੱਦੀ ਨਸ਼ੀਨ ਬਾਬਾ ਯੋਗੀ ਨਾਥ ਦੀ ਰਹਿਨੁਮਾਈ ਅਤੇ ਇਲਾਕੇ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਵੱਖ ਵੱਖ ਦਰਬਾਰਾਂ ਤੋਂ ਸੰਤ ਮਹਾਂਪੁਰਸ਼ਾਂ ਨੇ ਸ਼ਿਰਕਤ ਕੀਤੀ। ਇਸ ਤਿੰਨ ਦਿਨਾਂ ਮੇਲੇ ਦੌਰਾਨ ਪਹਿਲੇ ਦਿਨ ਚਿਰਾਗਾਂ ਦੀ ਰਸਮ ਅਤੇ ਧੱਜਾ ਦੀ ਰਸਮ ਅਦਾ ਕੀਤੀ ਗਈ। ਦੂਸਰੇ ਅਤੇ ਤੀਸਰੇ ਦਿਨ ਪੰਜਾਬ ਦੇ ਮਸ਼ਹੂਰ ਕਲਾਕਾਰਾਂ ਗੀਤਾ ਜੈਲਦਾਰ, ਅੰਗਰੇਜ਼ ਅਲੀ, ਪੰਮਾ ਡੁੰਮੇਵਾਲੀਆ, ਅਮਨ ਰੌਂਜੀ , ਲਵਿਸ਼ ਚੌਹਾਨ ਆਦਿ ਕਲਾਕਾਰਾਂ ਨੇ ਧਾਰਮਿਕ ਅਤੇ ਸੱਭਿਆਚਾਰ ਪ੍ਰੋਗਰਾਮ ਪੇਸ਼ ਕੀਤਾ। ਗੱਦੀ ਨਸ਼ੀਨ ਬਾਬਾ ਯੋਗੀ ਨਾਥ ਵਲੋਂ ਪਹੁੰਚੇ ਹੋਏ ਮਹਾਂਪੁਰਸ਼ਾਂ , ਕਲਾਕਾਰਾਂ ਅਤੇ ਸੇਵਾਦਾਰਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਕਮਲਜੀਤ ਬੰਗਾ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਮਨਦੀਪ ਦੋਸਾਂਝ, ਪ੍ਰਿਤਪਾਲ ਸਿੰਘ, ਅਸ਼ਿਸ਼ ਬੰਗਾ, ਮਾਸਟਰ ਦੇਸ ਰਾਜ, ਕਸ਼ਮੀਰ ਚੰਦ, ਬਲਦੇਵ ਸਿੰਘ, ਬੁੱਧ ਸਿੰਘ, ਸਾਬਾ ਸਿੰਘ, ਪਾਖਰ ਸਿੰਘ ਆਦਿ ਹਾਜ਼ਰ ਸਨ।

ਡੀ ਏ ਵੀ ਮਾਡਲ ਸਕੂਲ ਤਖਤਗੜ੍ਹ ਦਾ ਸਾਲਾਨਾ ਇਨਾਮ ਵੰਡ ਸਮਾਗਮ

ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)- ਡੀ ਏ ਵੀ ਮਾਡਲ ਸਕੂਲ ਤਖਤਗੜ੍ਹ ਦਾ ਸਾਲਾਨਾ ਇਨਾਮ ਵੰਡ ਸਮਾਰੋਹ ਕਰਵਾਇਆ ਗਿਆ। ਇਸ ਦੌਰਾਨ ਡੀਏਵੀ ਸਕੂਲ ਦੀ ਮੈਨੇ

29-March-PAGE-9.qxd 3/28/2024 11:07 PM Page 1

'ਆਪ' ਵਰਕਰਾਂ ਨੇ ਸ਼ੀਤਲ ਅੰਗੁਰਾਲ ਤੇ ਸੁਸ਼ੀਲ ਰਿੰਕੂ ਦੇ ਪੁਤਲੇ ਫੂਕੇ

ਜਲੰਧਰ (ਰਾਜੇਸ਼ ਬਾਪਾ)

ਆਮ ਆਦਮੀ ਪਾਰਟੀ ਜਲੰਧਰ ਦੇ ਸੰਗਠਨ ਅਤੇ ਲੋਕਾਂ ਵੱਲੋਂ ਸੁਸ਼ੀਲ ਕੁਮਾਰ ਰਿੰਕੂ ਤੇ ਸ਼ੀਤਲ ਅੰਗੁਰਾਲ ਦਾ ਕੀਤਾ ਪੁੱਤਲਾ ਫੂਕ ਕੀਤਾ ਵਿਰੋਧ ਪ੍ਰਦਰਸ਼ਨ।ਆਮ ਆਦਮੀ ਪਾਰਟੀ ਵਰਕਰਾਂ ਤੇ ਪਬਲਿਕ ਦੇ ਵੱਲੋਂ ਬਾਬੂ ਜਗਜੀਵਨ ਰਾਮ ਚੌਕ ਹਲਕਾ ਜਲੰਧਰ ਵੈਸਟ ਵਿੱਚ ਸੁਸ਼ੀਲ ਕੁਮਾਰ ਰਿੰਕੂ ਤੇ ਸ਼ੀਤਲ ਅੰਗੁਰਾਲ ਦੇ ਵਿਰੁੱਧ ਪੁਤਲਾ ਫੂਕ ਪ੍ਰਦਰਸ਼ਨ ਕੀਤਾ ਗਿਆ ਜਿਸ ਵਿਚ ਸਮੂਹ ਸੰਗਠਨ ਸਮੇਤ ਆਮ ਲੋਕਾਂ ਨੇ ਹਿੱਸਾ ਲਿਆ। ਲੋਕਾਂ ਦਾ ਕਹਿਣਾ ਸੀ ਕਿ ਇਹਨਾਂ ਲੋਕਾਂ ਦਾ ਕੋਈ ਦੀਨ ਮਜ਼ਬ ਨਹੀਂ ਇਹ ਭੋਲੇ ਭਾਲੇ ਲੋਕਾਂ ਦੀਆਂ ਵੋਟਾਂ ਦਾ ਸੌਦਾ ਕਰਦੇ ਨੇ।ਲੋਕ ਇਹ ਵੀ ਕਹਿ ਰਹੇ ਸਨ ਕਿ ਇਹਨਾਂ ਚੋਣਾਂ ਵਿਚ ਇਹਨਾਂ ਨੂੰ ਮੂੰਹ ਤੋੜ ਜਵਾਬ ਦਿੱਤਾ ਜਾਵੇਗਾ ਇਹਨਾਂ ਨੂੰ ਲੋਕਾਂ ਦੀ ਪ੍ਰਵਾਹ ਨਹੀਂ ਲੋਕ ਵੀ ਇਹਨਾ ਦੀ ਪ੍ਰਵਾਹ ਨਹੀਂ ਕਰਦੇ।ਸਮੂਹ ਇਕੱਠ ਵੱਲੋਂ ਰੋਸ ਪ੍ਰਦਰਸ਼ਨ ਕਰਦੇ ਹੋਏ ਰੋਸ ਮਾਰਚ ਕੱਢਿਆ ਗਿਆ ਤੇ ਅਖੀਰ ਇਹਨਾਂ ਦੇ ਘਰਾਂ ਕੋਲ ਪਹੁੰਚ ਕੇ ਪੁੱਤਲਾ ਫੂਕ ਪ੍ਰਦਰਸ਼ਨ ਕੀਤਾ ਗਿਆ।ਇਸ ਮੌਕੇ ਲੋਕਲ ਬਾਡੀ ਮੰਤਰੀ ਸਥਾਨਕ ਸਰਕਾਰਾਂ ਬਲਕਾਰ ਸਿੰਘ ਮੌਕੇ 'ਤੇ ਹਾਜ਼ਰ ਸਨ।ਉਹਨਾਂ ਕਿਹਾ ਕਿ ਪਾਰਟੀ ਨੇ ਇਹਨਾ ਨੂੰ ਜ਼ਮੀਨ ਤੋਂ ਚੁੱਕ ਕੇ ਐਮ ਪੀ ਜਲੰਧਰ ਬਣਾਇਆ। ਜੋ ਕੌਂਸਲਰ ਨਹੀਂ ਬਣ ਸਕਦਾ ਸੀ ਉਸ ਨੂੰ ਐਮ ਐਲ ਏ ਬਣਾਇਆ ਪਰ ਇਹ ਅੱਜ ਪਾਰਟੀ ਦੇ ਨਾਲ ਗੱਦਾਰੀ ਕਰਗੇ ਨੇ ਇਹਨਾਂ ਨੂੰ ਲੋਕ ਮੁਆਫ ਨਹੀਂ ਕਰਨਗੇ।ਇਸ ਮੌਕੇ ਐਮ ਐਲ ਏ ਰਮਨ ਅਰੋੜਾ ਹਲਕਾ ਜਲੰਧਰ ਸੈਂਟਰਲ, ਐੱਮ ਐਲ ਏ ਇੰਦਰਜੀਤ ਕੌਰ ਮਾਨ, ਮੰਗਲ ਸਿੰਘ ਬੱਸੀ ਚੇਅਰਮੈਨ ਪੰਜਾਬ ਐਗਰੋ, ਰਾਜਵਿੰਦਰ ਕੌਰ ਥਿਆੜਾ ਸੂਬਾ ਸਕੱਤਰ, ਜਿਲ੍ਹਾ ਪ੍ਰਧਾਨ ਜਲੰਧਰ ਸ਼ਹਿਰੀ ਅੰਮ੍ਰਿਤਪਾਲ ਸਿੰਘ, ਜਿਲ੍ਹਾ ਪ੍ਰਧਾਨ ਜਲੰਧਰ ਦਿਹਾਤੀ ਸਟੀਵਨ ਕਲੇਰ , ਗੁਰਿੰਦਰ ਸਿੰਘ ਜਮਸ਼ੇਰ ਸਕੱਤਰ ਜਲੰਧਰ ਸ਼ਹਿਰੀ, ਆਤਮ ਪ੍ਰਕਾਸ਼ ਸਿੰਘ ਬੱਬਲੂ ਸੂਬਾ ਜੁਆਇੰਟ ਸਕੱਤਰ,ਇੰਦਰਵੰਸ਼ ਚੱਢਾ,ਰਮਣੀਕ ਸਿੰਘ ਰੰਧਾਵਾ ਸੂਬਾ ਵਾਈਸ ਪ੍ਰਧਾਨ ਯੂਥ ਵਿੰਗ, ਰੁਬਲ ਸੰਧੂ ਜਿਲ੍ਹਾ ਯੂਥ ਪ੍ਰਧਾਨ, ਹਰਚਰਨ ਸਿੰਘ ਸੰਧੂ ਸੂਬਾ ਜੁਆਇੰਟ ਸਕੱਤਰ, ਬਲਬੀਰ ਸਿੰਘ ਬਲਾਕ ਪ੍ਰਧਾਨ ਰਾਜੇਸ਼ ਬੱਬਰ ਤੇ ਹੋਰ ਪਾਰਟੀ ਵਰਕਰ ਹਾਜ਼ਰ ਸਨ।

15,000 ਰੁਪਏ ਰਿਸ਼ਵਤ ਲੈਂਦਾ ਚੌਕੀ ਇੰਚਾਰਜ ਗ੍ਰਿਫ਼ਤਾਰ

ਚੰਡੀਗੜ੍ਹ, (ਗੁਰਜੀਤ ਬਿੱਲਾ)- ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਮੁਹਿੰਮ ਦੌਰਾਨ ਪੰਜਾਬ ਵਿਜੀਲੈਂਸ ਬਿਊਰੋ ਨੇ ਅਦਾਲਤ ਕੰਪਲੈਕਸ, ਅੰਮ੍ਰਿਤਸਰ ਵਿਖੇ ਸਥਿਤ ਪੁਲਸ ਚੌਕੀ ਦੇ ਇੰਚਾਰਜ ਸਹਾਇਕ ਸਬ-ਇੰਸਪੈਕਟਰ (ਏ ਐਸ ਆਈ) ਗੁਰਜੀਤ ਸਿੰਘ ਨੂੰ 15,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਨੂੰ ਹਰਜਿੰਦਰ ਸਿੰਘ ਵਾਸੀ ਪਿੰਡ ਫਤਿਹਪੁਰ ਜਿਲ੍ਹਾ ਅੰਮ੍ਰਿਤਸਰ ਦੀ ਸ਼ਿਕਾਇਤ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਾਇਆ ਹੈ ਕਿ ਉਸ ਵੱਲੋਂ 40 ਲੱਖ ਰੁਪਏ ਦੀ ਵਿੱਤੀ ਧੋਖਾਧੜੀ ਸੰਬੰਧੀ ਦਰਜ ਕਰਵਾਈ ਗਈ ਪੁਲਸ ਸ਼ਿਕਾਇਤ 'ਤੇ ਤੁਰੰਤ ਕਾਰਵਾਈ ਕਰਨ ਬਦਲੇ ਉਕਤ ਮੁਲਜ਼ਮ ਨੇ ਉਸ ਕੋਲੋਂ 50,000 ਰੁਪਏ ਰਿਸ਼ਵਤ ਦੀ ਮੰਗ ਕੀਤੀ।ਸ਼ਿਕਾਇਤਕਰਤਾ ਨੇ ਇਹ ਵੀ ਦੱਸਿਆ ਕਿ ਪੁਲਸ ਮੁਲਾਜ਼ਮ ਪਹਿਲਾਂ ਹੀ ਉਸ ਕੋਲੋਂ ਰਿਸ਼ਵਤ ਦੀ ਪਹਿਲੀ ਕਿਸ਼ਤ ਵਜੋਂ 20,000 ਰੁਪਏ ਲੈ ਚੁੱਕਾ ਹੈ ਅਤੇ ਰਿਸ਼ਵਤ ਦੀ ਬਾਕੀ ਰਕਮ ਮੰਗ ਰਿਹਾ ਹੈ।ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਜਾਂਚ ਉਪਰੰਤ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾ ਕੇ ਉਕਤ ਪੁਲਸ ਮੁਲਾਜ਼ਮ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਰਿਸ਼ਵਤ ਦੀ ਦੂਜੀ ਕਿਸ਼ਤ ਵਜੋਂ 15,000 ਰੁਪਏ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ।ਉਨ੍ਹਾਂ ਦੱਸਿਆ ਕਿ ਇਸ ਸੰਬੰਧੀ ਵਿਜੀਲੈਂਸ ਬਿਊਰੋ ਦੇ ਥਾਣਾ ਅੰਮ੍ਰਿਤਸਰ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ।

ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਹਿਲੀ ਵਾਰ ਬਣੇ ਵੋਟਰਾਂ ਨੂੰ ਮਤਦਾਨ ਲਈ ਜਾਗਰੂਕ ਕਰਨ ਦੀ ਮੁਹਿੰਮ ਤੇਜ਼

ਚੰਡੀਗੜ੍ਹ (ਗੁਰਜੀਤ ਬਿੱਲਾ)

ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ, ਸ੍ਰੀਮਤੀ ਆਸ਼ਿਕਾ ਜੈਨ ਦੀ ਅਗਵਾਈ ਵਿੱਚ ਜ਼ਿਲ੍ਹੇ 'ਚ ਪਹਿਲੀ ਵਾਰ ਬਣੇ ਵੋਟਰਾਂ ਨੂੰ ਲੋਕ ਸਭਾ ਚੋਣਾਂ-2024 ਦੌਰਾਨ ਵੱਡੀ ਗਿਣਤੀ 'ਚ ਮਤਦਾਨ ਲਈ ਉਤਸ਼ਾਹਿਤ ਕਰਨ ਅਤੇ ਜ਼ਿਲ੍ਹੇ 'ਚ ਮਤਦਾਨ ਪ੍ਰਤੀਸ਼ਤਤਾ ਨੂੰ 80 ਫ਼ੀਸਦੀ 'ਤੇ ਲੈ ਕੇ ਜਾਣ ਦੇ ਟੀਚੇ ਤਹਿਤ ਯੂਨੀਵਰਸਲ ਗਰੁੱਪ ਆਫ਼ ਕਾਲਜਿਜ਼ ਲਾਲੜੂ ਵਿਖੇ ਨੁੱਕੜ ਨਾਟਕ ਅਤੇ ਜਾਗਰੂਕਤਾ ਰੈਲੀ ਕੀਤੀ ਗਈ ਜਦਕਿ ਐਸ ਡੀ ਐਮ ਦਫ਼ਤਰ ਡੇਰਾਬੱਸੀ ਵਿਖੇ ਐਸ ਡੀ ਐਮ-ਕਮ-ਸਹਾਇਕ ਰਿਟਰਨਿੰਗ ਅਫ਼ਸਰ ਹਿਮਾਂਸ਼ੂ ਗੁਪਤਾ ਦੀ ਅਗਵਾਈ ਵਿੱਚ ਸਵੀਪ ਟੀਮ ਵੱਲੋਂ 'ਸਾਡੀ ਵੋਟ ਸਾਡਾ ਅਧਿਕਾਰ' ਨੁੱਕੜ ਨਾਟਕ ਖੇਡ ਕੇ ਵੱਧ-ਚੜ੍ਹ ਕੇ ਮਤਦਾਨ ਪ੍ਰਤੀ ਹੋਕਾ ਦਿੱਤਾ ਗਿਆ। ਐਸ ਡੀ ਐਮ ਹਿਮਾਂਸ਼ੂ ਗੁਪਤਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਡਿਪਟੀ ਕਮਿਸ਼ਨਰ ਸ੍ਰੀਮਤੀ ਆਸ਼ਿਕਾ ਜੈਨ ਵੱਲੋਂ ਜ਼ਿਲ੍ਹੇ 'ਚ ਮਤਦਾਨ ਦੀ ਔਸਤ ਪ੍ਰਤੀਸ਼ਤਤਾ ਨੂੰ ਚੋਣ ਕਮਿਸ਼ਨ ਵੱਲੋਂ ਨਿਰਧਾਰਿਤ 'ਇਸ ਵਾਰ 70 ਪਾਰ' ਤੋਂ ਵੀ ਅੱਗੇ ਲਿਜਾਂਦਿਆਂ 80 ਫ਼ੀਸਦੀ ਕਰਨ ਦੇ ਰੱਖੇ ਟੀਚੇ ਤਹਿਤ ਸਸਬ ਡਵੀਜ਼ਨ ਡੇਰਾਬੱਸੀ 'ਚ ਸਵੀਪ ਗਤੀਵਿਧੀਆਂ ਨੂੰ ਤੇਜ਼ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਨੀਤੂ ਜੈਨ ਪ੍ਰਿੰਸੀਪਲ ਲਾਲੜੂ ਗਰੁੱਪ ਆਫ਼ ਕਾਲਜਿਜ਼ ਦੀ ਪਹਿਲਕਦਮੀ 'ਤੇ ਪਹਿਲੀ ਵਾਰ ਵੋਟਰ ਬਣੇ ਵਿਦਿਆਰਥੀਆਂ ਵੱਲੋਂ ਜਿੱਥੇ ਕਾਲਜ 'ਚ ਨੁੱਕੜ ਨਾਟਕ

'ਮੇਰੀ ਵੋਟ ਮੇਰੀ ਤਾਕਤ' ਖੇਡ ਕੇ ਮਤਦਾਨ ਪ੍ਰਤੀ ਹੁੰਗਾਰਾ ਦਿੱਤਾ ਗਿਆ ਉੱਥੇ ਇਨ੍ਹਾਂ ਨਵੇਂ ਬਣੇ ਵੋਟਰਾਂ ਵੱਲੋਂ ਜਾਗਰੂਕਤਾ ਰੈਲੀ ਕਰਕੇ ਹੋਰਨਾਂ ਨੂੰ ਵੀ ਮਤਦਾਨ ਲਈ ਉਤਸ਼ਾਹਿਤ ਕੀਤਾ ਗਿਆ। ਐਸ ਡੀ ਐਮ ਨੇ ਅੱਗੇ ਦੱਸਿਆ ਕਿ ਡੇਰਾਬੱਸੀ ਵਿਖੇ ਸਵੀਪ ਨੋਡਲ ਅਫ਼ਸਰ ਰੂਮਾ ਪ੍ਰਿੰਸਪਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੁਬਾਰਕਪੁਰ, ਮੀਨਾ ਰਾਜਪੂਤ ਲੈਕਚਰਾਰ ਲਾਲੜੂ ਸਕੂਲ ਅਤੇ ਅਮ੍ਰਿਤਪਾਲ ਸਿੰਘ ਲੈਕਚਰਾਰ 'ਤੇ ਆਧਾਰਿਤ ਸਵੀਪ ਟੀਮ ਵੱਲੋਂ ਐਸ ਡੀ ਐਮ ਦਫ਼ਤਰ ਡੇਰਾਬੱਸੀ ਵਿਖੇ ਨੁੱਕੜ ਨਾਟਕ 'ਸਾਡੀ ਵੋਟ ਸਾਡੀ ਅਵਾਜ਼' ਪੇਸ਼ ਕੀਤਾ ਗਿਆ। ਸ੍ਰੀ ਗੁਪਤਾ ਨੇ ਦੱਸਿਆ ਕਿ ਡੇਰਾਬੱਸੀ ਹਲਕੇ ਦੇ ਉਨ੍ਹਾਂ ਬੂਥਾਂ ਜਿੱਥੇ ਪਿਛਲੀ ਵਾਰ ਮਤਦਾਨ ਪ੍ਰਤੀਸ਼ੱਤਤਾ ਔਸਤ ਤੋਂ ਘੱਟ ਦਰਜ ਕੀਤੀ ਗਈ ਸੀ, 'ਤੇ ਵਿਸ਼ੇਸ਼ ਧਿਆਨ ਕੇਂਦਰਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ 112-ਡੇਰਾਬੱਸੀ ਵਿਧਾਨ ਸਭਾ ਹਲਕਾ, ਪਾਰਲੀਮਾਨੀ ਹਲਕਾ 13-ਪਟਿਆਲਾ ਦਾ ਹਿੱਸਾ ਹੈ। ਉਨ੍ਹਾਂ ਦੱਸਿਆ ਕਿ ਡਿਪਟੀ ਕਮਿਸਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਦੇ ਆਦੇਸ਼ਾਂ 'ਤੇ ਹੋਲੀ ਵਾਲੇ ਦਿਨ ਚੰਡੀਗੜ੍ਹ-ਜ਼ੀਰਕਪੁਰ ਰੋਡ 'ਤੇ ਸਥਿਤ ਥੀਮ ਪਾਰਕਾਂ ਅਤੇ ਰਿਜ਼ਾਰਟਾਂ 'ਚ ਹੋਲੀ ਸਮਾਗਮਾਂ ਦੌਰਾਨ ਸਵੀਪ ਗਤੀਵਿਧੀਆਂ ਕਰਕੇ ਵੀ ਉੱਥੇ ਆਏ ਲੋਕਾਂ ਨੂੰ ਮਤਦਾਨ ਪ੍ਰਤੀ ਜਾਗਰੂਕ ਕੀਤਾ ਗਿਆ ਸੀ। ਐਸ ਡੀ ਐਮ ਅਨੁਸਾਰ ਡੇਰਾਬੱਸੀ ਸਬ ਡਵੀਜ਼ਨ ਪ੍ਰਸ਼ਾਸਨ ਵੱਲੋਂ ਅਪਾਰਟਮੈਂਟਸ (ਹਾਈ ਰਾਈਜ਼ ਬਿਲਡਿੰਗਜ਼) ਵਿੱਚ ਰਹਿਣ ਵਾਲੇ ਮਤਦਾਤਾਵਾਂ ਦੀ ਵੋਟ ਨੂੰ ਯਕੀਨੀ ਬਣਾਉਣ ਲਈ ਵਿਸ਼ੇਸ਼ ਯਤਨ ਕੀਤੇ ਜਾਣਗੇ। ਇਸ ਮੌਕੇ ਨਾਇਬ ਤਹਿਸੀਲਦਾਰ ਹਰਿੰਦਰਜੀਤ ਸਿੰਘ ਤੇ ਐਸ ਡੀ ਐਮ ਦਫ਼ਤਰ ਦਾ ਹੋਰ ਸਟਾਫ਼ ਵੀ ਮੌਜੂਦ ਸੀ।

ਸੇਵਾ-ਮੁਕਤ ਵਣ ਕਰਮਚਾਰੀਆਂ ਦੀ ਹੋਈ ਮਹੀਨਾਵਾਰ ਮੀਟਿੰਗ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)

ਪੰਜਾਬ ਫਾਰੈਸਟ ਪੈਨਸ਼ਨਰਜ ਵੈਲਫੇਅਰ ਐਸੋਸੀਏਸ਼ਨ ਹੁਸ਼ਿਆਰਪੁਰ ਵਲੋਂ ਮਹੀਨਾ ਵਾਰ ਮੀਟਿੰਗ ਜ਼ਿਲ੍ਹਾ ਪ੍ਰਧਾਨ ਬਲਵਿੰਦਰ ਸਿਘ ਦੀ ਪ੍ਰਧਾਨਗੀ ਹੇਠ ਸ਼ਹੀਦ ਊਧਮ ਸਿੰਘ ਪਾਰਕ ਹੁਸ਼ਿਆਰਪੁਰ ਵਿਖੇ ਕੀਤੀ ਗਈ। ਇਸ ਮੀਟਿੰਗ ਵਿੱਚ ਵਣ ਵਿਭਾਗ ਦੇ ਪੈਨਸ਼ਨਰ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਏ। ਮੀਟਿੰਗ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਬਲਵਿੰਦਰ ਸਿੰਘ ਜਨਰਲ ਸਕੱਤਰ ਹਰਭਜਨ ਸਿੰਘ ਅਤੇ ਕੈਸ਼ੀਅਰ ਸੁਰਜੀਤ ਸਿੰਘ ਨੇ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਨੇ ਪੈਨਸ਼ਨਰਾਂ ਦੀਆਂ ਮੰਗਾਂ ਵੱਲ ਪਿਛਲੇ ਦੋ ਸਾਲਾਂ ਤੋਂ ਕੋਈ ਧਿਆਨ ਨਹੀਂ ਦਿੱਤਾ ਜਿਸ ਕਾਰਨ ਸਰਕਾਰ ਵਿਰੁੱਧ ਪੈਨਸ਼ਨਰਾਂ ਵਿੱਚ ਦਿਨੋ ਦਿਨ ਨਿਰਾਸ਼ਤਾ ਵਧਦੀ ਜਾ ਰਹੀ ਹੈ ਜਿਸ ਦਾ ਖਮਿਆਜ਼ਾ ਆਮ ਆਦਮੀ ਪਾਰਟੀ ਨੂੰ ਹੋਣ ਵਾਲੀਆਂ ਲੋਕ ਸਭਾ ਦੀਆਂ ਚੋਣਾਂ ਦੌਰਾਨ ਭੁਗਤਣਾ ਪਵੇਗਾ। ਆਗੂਆਂ ਨੇ ਪੰਜਾਬ ਦੇ ਮੁੱਖ ਮੰਤਰੀ ਨੂੰ ਸਲਾਹ ਦਿੱਤੀ ਕਿ ਚੋਣਾਂ ਦੌਰਾਨ ਡੀਏ ਦੀਆਂ ਕਿਸ਼ਤਾਂ ਅਤੇ ਡੀਏ ਦਾ ਬਕਾਇਆ ਦਿੱਤਾ ਜਾ ਸਕਦਾ ਹੈ। ਜੇਕਰ ਸਰਕਾਰ ਚੋਣਾਂ ਵਿੱਚ ਜਿੱਤਣਾ ਚਾਹੁੰਦੀ ਹੈ ਤਾਂ ਪੈਨਸ਼ਨਾਂ ਅਤੇ ਮੁਲਾਜ਼ਮਾਂ ਦੀਆਂ ਮੰਗਾਂ ਵੱਲ ਵਿਸ਼ੇਸ਼ ਤੌਰ 'ਤੇ ਧਿਆਨ ਦੇਣਾ ਪਵੇਗਾ।ਇਸ ਮੌਕੇ ਰਾਮ ਆਰ.ਓ, ਮਨਜੀਤ ਸਿੰਘ ਰੇਂਜ ਅਫਸਰ, ਮੋਹਨ ਸਿੰਘ ਪਰਮੋਤਾ ਆਰ ਓ ਅਤੇ ਸੁਰਜੀਤ ਸਿੰਘ ਰੇਂਜ ਅਫ਼ਸਰ ਤੋਂ ਇਲਾਵਾ ਹੋਰ ਬਹੁਤ ਸਾਰੇ ਰਿਟਾਇਰਡ ਵਨ ਵਿਭਾਗ ਦੇ ਪੈਨਸ਼ਨਰ ਸ਼ਾਮਲ ਹੋਏ।

ਕਣਕ ਦੀ ਖਰੀਦ ਪਹਿਲੀ ਤੋਂ, ਸਾਰੇ ਪ੍ਰਬੰਧ ਮੁਕੰਮਲ : ਵਰਮਾ

ਚੰਡੀਗੜ੍ਹ, (ਕ੍ਰਿਸ਼ਨ ਗਰਗ)

ਹਾੜ੍ਹੀ ਦੀ ਸੀਜ਼ਨ ਦੀ ਵਾਢੀ ਨੂੰ ਧਿਆਨ ਵਿੱਚ ਰੱਖਦਿਆਂ ਮੁੱਖ ਸਕੱਤਰ ਅਨੁਰਾਗ ਵਰਮਾ ਵੱਲੋਂ ਕਣਕ ਦੀ ਖਰੀਦ ਦੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਸਬੰਧਤ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਨੂੰ ਨਾਲ ਲੈ ਕੇ ਵੀਡਿਓ ਕਾਨਫਰੰਸਿੰਗ ਰਾਹੀਂ ਸਾਰੇ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨਾਲ ਮੀਟਿੰਗ ਕੀਤੀ। ਵਰਮਾ ਨੇ ਕਿਹਾ ਕਿ ਪਹਿਲੀ ਅਪਰੈਲ ਤੋਂ ਕਣਕ ਦੀ ਖਰੀਦ ਸ਼ੁਰੂ ਹੋ ਰਹੀ ਹੈ ਅਤੇ ਇਸ ਨੂੰ ਸੁਚਾਰੂ ਤਰੀਕੇ ਨਾਲ ਕਰਨ ਲਈ ਸਭ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਪੰਜਾਬ ਵਿੱਚ 35.07 ਲੱਖ ਹੈਕਟੇਅਰ ਰਕਬੇ ਵਿੱਚ ਕਣਕ ਬੀਜੀ ਗਈ ਹੈ ਅਤੇ 161.30 ਲੱਖ ਮੀਟਰਿਕ ਟਨ ਕਣਕ ਦੀ ਪੈਦਾਵਾਰ ਦੀ ਉਮੀਦ ਹੈ। ਖਰੀਦ ਲਈ 30,776.36 ਕਰੋੜ ਰੁਪਏ ਨਗਦ ਕਰਜ਼ਾ ਹੱਦ (ਸੀ.ਸੀ.ਐਲ.) ਦੀ ਲੋੜ ਹੈ ਅਤੇ ਇਸ ਵਿੱਚੋਂ 27077.91 ਕਰੋੜ ਰੁਪਏ ਅਪਰੈਲ ਮਹੀਨੇ ਲਈ ਮਿਲ ਗਿਆ ਹੈ ਅਤੇ ਮਈ ਮਹੀਨੇ ਲਈ ਬਾਕੀ ਬਚਦੀ ਰਕਮ ਲੈ ਲਈ ਜਾਵੇਗੀ। ਪੰਜਾਬ ਮੰਡੀ ਬੋਰਡ ਵੱਲੋਂ 1908 ਰੈਗੂਲਰ ਖਰੀਦ ਕੇਂਦਰ ਐਲਾਨੇ ਗਏ ਹਨ ਅਤੇ ਜਿਨ੍ਹਾਂ ਦੀ ਖਰੀਦ ਏਜੰਸੀਆਂ ਦੀ ਤਜਵੀਜ਼ ਅਨੁਸਾਰ ਵੱਖ-ਵੱਖ ਏਜੰਸੀਆਂ ਨੂੰ ਅਲਾਟਮੈਂਟ ਕਰ ਦਿੱਤੀ ਜਾਵੇਗੀ।ਮੀਟਿੰਗ ਵਿੱਚ ਪ੍ਰਮੁੱਖ ਸਕੱਤਰ ਖੁਰਾਕ ਤੇ ਸਿਵਲ ਸਪਲਾਈ ਵਿਕਾਸ ਗਰਗ, ਸਕੱਤਰ ਵਿੱਤ ਗੁਰਪ੍ਰੀਤ ਕੌਰ ਸਪਰਾ,

ਪੰਜਾਬ ਸਟੇਟ ਵੇਅਰਹਾਊਸ ਕਾਰਪੋਰੇਸ਼ਨ ਦੇ ਐਮ.ਡੀ. ਕੰਵਲਪ੍ਰੀਤ ਕੌਰ ਬਰਾੜ, ਪਨਸਪ ਦੀ ਐਮ.ਡੀ. ਸੋਨਾਲੀ ਗਿਰਿ, ਡਾਇਰੈਕਟਰ ਖੁਰਾਕ ਤੇ ਸਿਵਲ ਸਪਲਾਈ ਪੁਨੀਤ ਗੋਇਲ, ਪੰਜਾਬ ਮੰਡੀਕਰਨ ਬੋਰਡ ਦੀ ਸਕੱਤਰ ਅੰਮ੍ਰਿਤ ਕੌਰ ਗਿੱਲ, ਐਫ.ਸੀ.ਆਈ. ਦੇ ਜਨਰਲ ਮੈਨੇਜਰ ਬੀ. ਸ੍ਰੀਨਿਵਾਸਨ, ਮਾਰਕਫੈਡ ਦੇ ਐਮ.ਡੀ. ਗਿਰਿਸ਼ ਦਿਆਲਨ, ਵਧੀਕ ਸਕੱਤਰ ਖੁਰਾਕ ਤੇ ਸਿਵਲ ਸਪਲਾਈ ਕਮਲ ਗਰਗ ਹਾਜ਼ਰ ਸਨ।

ਜਨਰਲ ਵਰਗ ਕਮਿਸ਼ਨ ਦਾ ਚੇਅਰਮੈਨ ਨਿਯੁਕਤ ਨਾ ਕਰਨ 'ਤੇ ਲੋਕ ਨਰਾਜ਼ਗੀ ਦੇ ਆਲਮ 'ਚ : ਫੁਗਲਾਣਾ

ਮੇਹਟੀਆਣਾ(ਜਗਤਾਰ ਸਿੰਘ ਭੁੰਗਰਨੀ)

ਦੋਆਬਾ ਜਨਰਲ ਕੈਟਾਗਰੀ ਫਰੰਟ ਅਤੇ ਜਨਰਲ ਜਾਇਟ ਐਕਸ਼ਨ ਕਮੇਟੀ ਦੀ ਅਹਿਮ ਹੋਈ ਮੀਟਿੰਗ ਦੇ ਮੁਤਾਬਿਕ ਸੂਬਾਈ ਚੀਫ ਆਰਗੇਨਾਈਜਰ ਸ਼ਿਆਮ ਲਾਲ ਸ਼ਰਮਾ ਅਤੇ ਪ੍ਰਧਾਨ ਬਲਵੀਰ ਸਿੰਘ ਫੁੱਗਲਾਣਾ ਵੱਲੋਂ ਪ੍ਰੈਸ ਨੋਟ ਜਾਰੀ ਕਰਦਿਆਂ ਪੰਜਾਬ ਸਰਕਾਰ ਤੋਂ ਜਨਰਲ ਕੈਟਾਗਰੀ ਕਮਿਸ਼ਨ ਦੇ ਚੇਅਰਮੈਨ ਦੀ

ਤੁਰੰਤ ਨਿਯੁਕਤੀ ਦੀ ਮੰਗ ਕੀਤੀ ਗਈ।ਉਨ੍ਹਾਂ ਕਿਹਾ ਕਿ ਜਨਰਲ ਕੈਟਾਗਰੀ ਕਮਿਸ਼ਨ ਦੇ ਚੇਅਰਮੈਨ ਦੀ ਨਿਯੁਕਤੀ ਤੋਂ ਬਿਨਾਂ ਜਨਰਲ ਕੈਟਾਗਰੀ ਨਾਲ ਸਬੰਧਤ ਸਮੱਸਿਆਵਾਂ ਦਾ ਹੱਲ ਨਹੀਂ ਹੋ ਸਕਦਾ।ਉਨ੍ਹਾਂ ਕਿਹਾ ਕਿ ਅੱਜ ਜਨਰਲ ਵ

29-MAR-PAGE-10.qxd 3/28/2024 10:49 PM Page 1

ਮਾਮਲਾ ਰਾਸ਼ਨ ਡਿੱਪੂਆਂ 'ਤੇ ਰਾਸ਼ਨ ਨਾ ਵੰਡਣ ਦਾ

ਫੱਤਣਵਾਲਾ 'ਚ ਮਜ਼ਦੂਰਾਂ ਵੱਲੋਂ ਸਰਕਾਰ ਖ਼ਿਲਾਫ਼ ਪ੍ਰਦਰਸ਼ਨ ਤੇ ਨਾਅਰੇਬਾਜ਼ੀ

■ ਘੇਰਾਂਗੇ ਡੀ ਸੀ ਦਫ਼ਤਰ : ਜਸਵਿੰਦਰ ਵੱਟੂ

ਸ਼੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਪਰਮਜੀਤ ਸਿੰਘ, ਚਾਵਲਾ)-ਪਿੰਡ ਫੱਤਣਵਾਲਾ ਦੇ ਮਜ਼ਦੂਰਾਂ ਨੇ ਰਾਸ਼ਨ ਡਿੱਪੂ ਉੱਪਰ ਕਣਕ ਤੇ ਆਟਾ ਸਕੀਮ ਨਾ ਵੰਡਣ ਨੂੰ ਲੈ ਕੇ ਮਜ਼ਦੂਰਾਂ ਨੇ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕਰਕੇ ਰੋਹ ਭਰਪੂਰ ਪ੍ਰਦਰਸ਼ਨ ਕੀਤਾ। ਇਸ ਮੌਕੇ ਮਜ਼ਦੂਰਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਮਜ਼ਦੂਰ ਲੋਕ ਲਹਿਰ ਉਸਾਰੋ ਮੁਹਿੰਮ ਦੀ ਲੜੀ ਤਹਿਤ ਮਨਰੇਗਾ ਵਰਕਰਜ਼ ਯੂਨੀਅਨ ਪੰਜਾਬ ਦੇ ਸੂਬਾ ਪੱਧਰੀ ਆਗੂ ਜਸਵਿੰਦਰ ਸਿੰਘ ਵੱਟੂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਰਾਸ਼ਨ ਡਿੱਪੂ ਉੱਪਰ ਫੌਰੀ ਕਣਕ ਤੇ ਵੰਡਣਾ ਯਕੀਨੀ ਬਣਾਇਆ ਜਾਵੇ। ਉਨ੍ਹਾ ਕਿਹਾ ਕਿ ਪਾਸੇ ਮੋਦੀ ਸਰਕਾਰ ਨੇ 2024 ਦੀਆਂ ਵੋਟਾਂ ਜਿੱਤਣ ਲਈ ਇਹ ਮੁਫ਼ਤ ਕਣਕ 2028 ਤੱਕ ਦੇਣ ਵਾਅਦਾ ਕੀਤਾ, ਪਰ ਦੂਜੇ ਪਾਸੇ ਮਜ਼ਦੂਰ ਵਰਗ ਦੀ 30 ਕਿੱਲੋ ਪ੍ਰਤੀ ਜੀਅ ਕਣਕ ਦਾ ਕੋਟਾ ਘਟਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਮਜ਼ਦੂਰਾਂ ਦੇ ਅੱਖੀਂ ਘੱਟਾ ਪਾ ਰਹੀ ਹੈ ਤੇ ਪੰਜਾਬ ਸਰਕਾਰ ਵੀ ਗਰੀਬ ਮਜ਼ਦੂਰਾਂ ਪ੍ਰਤੀ ਸੰਜੀਦਾ ਨਹੀਂ। ਉਨ੍ਹਾਂ ਕਿਹਾ ਕਿ ਇਹ ਦੋਵੇਂ ਸਰਕਾਰਾਂ ਮਜ਼ਦੂਰਾਂ ਦੀਆਂ ਸਕੀਮਾਂ ਦੇਣ ਦੀਆਂ ਦੁਹਾਈਆਂ ਦੇ ਰਹੀਆਂ ਹਨ, ਪਰ ਥੱਲੇ ਕੁੱਝ ਵੀ ਅਮਲ ਵਿੱਚ ਨਹੀਂ ਮਿਲ ਰਿਹਾ। ਉਨ੍ਹਾਂ ਕੱਚਿਆਂ ਮਕਾਨਾਂ ਦਾ ਮਮੂਲੀ ਸਰਵਾ ਕਰਕੇ ਲਿਸਟਾਂ ਬਣਾਈਆਂ ਗਈਆਂ ਹਨ, ਪਰ ਮੁਕਤਸਰ ਸਾਹਿਬ ਦੇ ਕਿਸੇ ਵੀ ਪਿੰਡ ਵਿੱਚ ਪੂਰੇ ਮਕਾਨ ਨਹੀਂ ਬਣਾਏ ਜਾ ਰਹੇ। ਲਿਸਟਾਂ ਵਿੱਚ ਮਕਾਨ ਬੋਲਦੇ ਹਨ, ਪਰ ਘਰ ਚੰਦ ਲੋਕਾਂ ਦੇ ਪਾ ਕੇ ਕੇਂਦਰ ਦੀ ਮੋਦੀ ਸਰਕਾਰ ਉਠ ਦੇ ਮੂਹ ਵਿੱਚ ਜ਼ੀਰਾ ਦੇਣ ਦਾ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਪੰਜਾਬ ਨਾਲ ਵਿਤਕਰੇਬਾਜ਼ੀ ਬੰਦ ਕਰੇ। ਉਨ੍ਹਾਂ ਮਜ਼ਦੂਰਾਂ ਨੂੰ ਸੱਦਾ ਦਿੱਤਾ ਕਿ ਜਿਵੇਂ 'ਬੱਚਾ ਰੋਂਦਾ ਨਹੀਂ ਮਾਂ ਦੁੱਧ ਨਹੀਂ ਦਿੰਦੀ' ਕਹਾਵਤ ਮੁਤਾਬਕ ਇਹ ਸਰਕਾਰਾਂ ਉਦੋਂ ਤੱਕ ਕੁੱਝ ਨਹੀਂ ਦਿੰਦੀਆਂ, ਜਿੰਨਾ ਚਿਰ ਲੋਕ ਇਨ੍ਹਾਂ ਦੀ ਧੌਣ ਗੋਡਾ ਨਹੀਂ ਰੱਖਦੇ। ਸਾਥੀ ਵੱਟੂ ਨੇ ਕਿਹਾ ਕਿ ਮਜ਼ਦੂਰਾਂ ਦੇ ਮੰਗਾਂ ਤੇ ਮਸਲਿਆਂ ਨੂੰ ਹੱਲ ਕਰਵਾਉਣ ਲਈ ਪੰਜਾਬ ਸਰਕਾਰ ਖ਼ਿਲਾਫ਼ ਸੰਘਰਸ਼ ਤੇਜ਼ ਕੀਤਾ ਜਾਵੇਗਾ। ਉਕਤ ਆਗੂ ਜਸਵਿੰਦਰ ਸਿੰਘ ਵੱਟੂ ਨੇ ਕਿਹਾ ਕਿ 3 ਅਪ੍ਰੈਲ ਨੂੰ ਡੀ ਸੀ ਦਫ਼ਤਰ ਸਾਹਮਣੇ ਧਰਨਾ ਪ੍ਰਦਰਸ਼ਨ ਕੀਤਾ ਜਾਵੇਗਾ, ਜਿਸ ਵਿੱਚ ਵੱਡੀ ਗਿਣਤੀ ਵਿੱਚ ਮਜ਼ਦੂਰ ਮਰਦ ਔਰਤਾਂ ਪਰਵਾਰਾਂ ਸਮੇਤ ਸ਼ਮੂਲੀਅਤ ਕਰਨ।

ਕੈਂਚੀਆਂ ਨਾਲ ਹਮਲਾ ਕਰਕੇ ਕੀਤਾ ਜ਼ਖਮੀ, ਤਿੰਨ ਖਿਲਾਫ਼ ਮਾਮਲਾ ਦਰਜ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਬਸਤੀ ਸ਼ੇਖਾਂ ਵਾਲੀ ਵਿਖੇ ਹੇਅਰ ਸਲੂਨ ਵਿੱਚ ਇੱਕ ਵਿਅਕਤੀ 'ਤੇ ਕੈਂਚੀਆਂ ਨਾਲ ਹਮਲਾ ਕਰਕੇ ਜ਼ਖਮੀ ਕਰਨ ਦੇ ਦੋਸ਼ ਵਿਚ ਥਾਣਾ ਸਿਟੀ ਫ਼ਿਰੋਜ਼ਪੁਰ ਪੁਲਸ ਨੇ ਤਿੰਨ ਵਿਅਕਤੀਆਂ ਖਿਲਾਫ਼ 324, 323, 506, 341, 34 ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਸੁਨੀਲ ਪੁੱਤਰ ਸੋਹਣ ਲਾਲ ਵਾਸੀ ਬਸਤੀ ਸ਼ੇਖਾਂ ਵਾਲੀ ਸਿਟੀ ਫ਼ਿਰੋਜ਼ਪੁਰ ਨੇ ਦੱਸਿਆ ਕਿ ਉਹ ਆਪਣੀ ਹੀ ਬਸਤੀ ਵਿਚ ਸਟਾਈਲ ਹੇਅਰ ਸਲੂਨ 'ਤੇ ਕਟਿੰਗ ਕਰਾਉਣ ਗਿਆ ਸੀ, ਜਿਥੇ ਦੋਸ਼ੀ ਜੰਗ ਬਹਾਦਰ ਪੁੱਤਰ ਖਰੈਤ ਤੇ ਗਗਨ ਉਰਫ਼ ਰੋਹਿਤ ਪੁੱਤਰ ਜੰਗ ਬਹਾਦਰ ਆ ਗਏ ਤੇ ਆਉਂਦਿਆਂ ਹੀ ਗਾਲੀ ਗਲੋਚ ਕਰਨਾ ਸ਼ੁਰੂ ਕਰ ਦਿੱਤਾ ਤੇ ਜੰਗ ਬਹਾਦਰ ਨੇ ਲਲਕਾਰਾ ਮਾਰ ਕੇ ਕਿਹਾ ਕਿ ਸਾਡੇ ਮਸਲੇ ਵਿਚ ਪੈਣ ਦਾ ਅੱਜ ਮਜ਼ਾ ਚਖਾ ਦਿਓ। ਸੁਨੀਲ ਨੇ ਦੱਸਿਆ ਕਿ ਦੋਸ਼ੀ ਗਗਨ ਤੇ ਰੋਮਸ ਨੇ ਦੁਕਾਨ ਅੰਦਰ ਪਈਆਂ ਕੈਂਚੀਆਂ ਚੱਕ ਲਈਆਂ ਤੇ ਉਸ 'ਤੇ ਹਮਲਾ ਕਰ ਦਿੱਤਾ ਅਤੇ ਦੋਸ਼ੀਅਨ ਨੇ ਉਸ ਦੇ ਸੱਟਾਂ ਮਾਰੀਆਂ ਤੇ ਰੌਲਾ ਪੈਣ 'ਤੇ ਦੋਸ਼ੀਅਨ ਮੌਕੇ ਤੋਂ ਫਰਾਰ ਹੋ ਗਏ। ਸੁਨੀਲ ਨੇ ਦੱਸਿਆ ਕਿ ਉਸ ਦਾ ਇਲਾਜ ਸਿਵਲ ਹਸਪਤਾਲ ਫਿਰੋਜ਼ਪੁਰ ਵਿਖੇ ਚੱਲ ਰਿਹਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਗੁਰਦੇਵ ਸਿੰਘ ਨੇ ਦੱਸਿਆ ਕਿ ਪੁਲਿਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਅਨ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

ਕਾਂਗਰਸੀ ਕੌਂਸਲਰ ਨੇ ਫੜਿਆ ਝਾੜੂ

ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਹਲਕਾ ਧੂਰੀ ਅੰਦਰ ਕਾਂਗਰਸ ਨੂੰ ਉਸ ਵੇਲੇ ਵੱਡਾ ਝਟਕਾ ਲੱਗਿਆ, ਜਦੋਂ ਕਾਂਗਰਸੀ ਕੌਂਸਲਰ ਭੁਪਿੰਦਰ ਸਿੰਘ ਨੇ ਮੁੱਖ ਮੰਤਰੀ ਭਗਵੰਤ ਮਾਨ ਦੇ ਓ.ਐੱਸ.ਡੀ. ਪ੍ਰੋਫੈਸਰ ਉਂਕਾਰ ਸਿੰਘ ਦੀ ਅਗਵਾਈ ਹੇਠ ਕਾਂਗਰਸ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ ਤੇ ਪ੍ਰੋਫੈਸਰ ਉਂਕਾਰ ਸਿੰਘ ਨੇ ਉਨ੍ਹਾਂ ਨੂੰ ਪਾਰਟੀ ਵਿੱਚ ਜੀ ਆਇਆਂ ਕਹਿੰਦਿਆਂ ਸਵਾਗਤ ਕੀਤਾ। ਕੌਂਸਲਰ ਭੁਪਿੰਦਰ ਸਿੰਘ ਨੇ ਪਾਰਟੀ ਛੱਡਣ ਦਾ ਕਾਰਨ ਦੱਸਿਆ ਕਿ ਉਹ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਦੂਰ ਅੰਦੇਸ਼ੀ ਤੇ ਗਤੀਸ਼ੀਲ ਸੋਚ ਅਤੇ ਇਲਾਕੇ ਦੇ ਵਿਕਾਸ ਕਾਰਜਾਂ ਨੂੰ ਮੁੱਖ ਰੱਖਦੇ ਹੋਏ ਆਪ ਵਿੱਚ ਸ਼ਾਮਲ ਹੋ ਰਹੇ ਹਨ।ਉਨ੍ਹਾ ਦੱਸਿਆ ਕਿ ਆਮ ਆਦਮੀ ਪਾਰਟੀ ਹੀ ਲੋਕਾਂ ਦੀ ਆਪਣੀ ਸਰਕਾਰ ਹੈ ਤੇ ਲੋਕਾਂ ਦਾ ਪੈਸਾ ਲੋਕਾਂ 'ਤੇ ਹੀ ਸਰਕਾਰ ਵੱਲੋਂ ਖਰਚਿਆ ਜਾ ਰਿਹਾ ਹੈ।ਵਾਰਡ ਨੰਬਰ 121 ਵਿਖੇ ਹਰਪ੍ਰੀਤ ਸਿੰਘ ਮੀਮਸਾ ਦੇ ਗ੍ਰਹਿ ਵਿਖੇ ਹੋਈ ਮੀਟਿੰਗ ਨੂੰ ਸੰਬੋਧਨ ਕਰਦਿਆਂ ਪ੍ਰੋਫੈਸਰ ਉਂਕਾਰ ਸਿੰਘ ਸਿੱਧੂ ਨੇ ਕਿਹਾ ਕਿ ਜਿੱਥੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਵੱਲੋਂ ਸਮੁੱਚੇ ਪੰਜਾਬ ਦਾ ਵਿਕਾਸ ਕਰਵਾਇਆ ਜਾ ਰਿਹਾ ਹੈ, ਉਥੇ ਵਿਸ਼ੇਸ਼ ਕਰਕੇ ਧੂਰੀ ਹਲਕੇ ਦਾ ਵਿਕਾਸ ਕਰਵਾਇਆ ਜਾ ਰਿਹਾ ਹੈ।ਉਨ੍ਹਾ ਦੱਸਿਆ ਕਿ ਸਰਕਾਰ ਦੇ ਲੋਕ ਪੱਖੀ ਫ਼ੈਸਲਿਆਂ ਤੋਂ ਪ੍ਰਭਾਵਿਤ ਹੋ ਕੇ ਪਾਰਟੀ ਦਾ ਕਾਫ਼ਲਾ ਵੱਡਾ ਹੋ ਰਿਹਾ ਹੈ।ਇਸ ਮੌਕੇ ਕੈਂਪ ਦਫ਼ਤਰ ਇੰਚਾਰਜ ਅੰਮ੍ਰਿਤ ਸਿੰਘ ਬਰਾੜ, ਕੌਂਸਲਰ ਪੁਸ਼ਪਿੰਦਰ ਸ਼ਰਮਾ, ਸ਼ਹਿਰੀ ਬਲਾਕ ਪ੍ਰਧਾਨ ਐਡਵੋਕੇਟ ਹੈਪੀ ਗਰਗ, ਜਸਪਾਲ ਸਿੰਘ, ਵੀਰ ਭਾਨ, ਪ੍ਰਿੰਸੀਪਲ ਸਰਬਜੀਤ ਸਿੰਘ, ਸੰਤ ਸਿੰਘ, ਜਸਵੀਰ ਸਿੰਘ ਜੱਜ, ਮਿਲਖ਼ ਰਾਜ ਆਦਿ ਹਾਜ਼ਰ ਸਨ।

ਜ਼ਹਿਰੀਲੀ ਸ਼ਰਾਬ ਪੀਣ ਨਾਲ ਨੌਜਵਾਨ ਦੀ ਮੌਤ

ਪਾਤੜਾਂ (ਪੱਤਰ ਪ੍ਰੇਰਕ)-ਸੂਬੇ ਵਿੱਚ ਜ਼ਹਿਰੀਲੀ ਸ਼ਰਾਬ ਦਾ ਸੇਕ ਪਾਤੜਾਂ ਇਲਾਕੇ ਤੱਕ ਵੀ ਪਹੁੰਚ ਗਿਆ ਹੈ।ਸਬ ਡਵੀਜ਼ਨ ਪਾਤੜਾਂ ਦੇ ਪਿੰਡ ਮੌਲਵੀਵਾਲਾ ਵਿਖੇ ਬੁੱਧਵਾਰ ਬਾਅਦ ਦੁਪਹਿਰ ਸ਼ਰਾਬ ਪੀਣ ਨਾਲ ਇੱਕ ਨੌਜਵਾਨ ਦੀ ਮੌਤ ਹੋ ਗਈ।ਮ੍ਰਿਤਕ ਮਿੱਠੂ ਸਿੰਘ ਪੁੱਤਰ ਅਰਜਨ ਸਿੰਘ (48) ਦੇ ਪੁੱਤਰ ਸਤਨਾਮ ਸਿੰਘ ਨੇ ਦੱਸਿਆ ਕਿ ਉਸ ਦਾ ਪਿਤਾ ਦਿਹਾੜੀਦਾਰ ਮਜ਼ਦੂਰ ਸੀ ਤੇ ਸ਼ਰਾਬ ਪੀਣ ਦਾ ਆਦੀ ਸੀ।ਮੰਗਲਵਾਰ ਸ਼ਾਮ ਉਹ ਘਰੋਂ ਬਾਹਰ ਗਿਆ ਤੇ ਰਾਤ ਕਰੀਬ 8 ਵਜੇ ਦੇ ਕਰੀਬ ਸ਼ਰਾਬੀ ਹਾਲਤ ਵਿੱਚ ਘਰ ਆਇਆ।ਰਾਤ ਉਹ ਸੌਂ ਗਿਆ ਤੇ ਸਵੇਰੇ ਜਦੋਂ ਉੱਠਿਆ ਤਾਂ ਉਸ ਨੂੰ ਉਲਟੀਆਂ ਲੱਗ ਗਈਆਂ।ਬਾਅਦ ਦੁਪਹਿਰ 2 ਵਜੇ ਦੇ ਕਰੀਬ ਉਸ ਨੂੰ ਅਚਾਨਕ ਘਬਰਾਹਟ ਮਹਿਸੂਸ ਹੋਈ ਤੇ ਜਦੋਂ ਉਹ ਕੱਪੜੇ ਬਦਲ ਰਿਹਾ ਸੀ ਤਾਂ ਅਚਾਨਕ ਡਿੱਗ ਜਾਣ ਕਾਰਨ ਉਸ ਦੀ ਮੌਕੇ ਉੱਤੇ ਹੀ ਮੌਤ ਹੋ ਗਈ।ਇਸ ਦੌਰਾਨ ਪਿੰਡ ਦੇ ਸਰਪੰਚ ਦਵਿੰਦਰਦੀਪ ਸਿੰਘ ਬੂਟਾ ਨੇ ਦੱਸਿਆ ਕਿ ਮ੍ਰਿਤਕ ਮਿੱਠੂ ਸਿੰਘ ਰਵਿਦਾਸੀਆ ਭਾਈਚਾਰੇ ਨਾਲ ਸੰਬੰਧ ਰੱਖਦਾ ਸੀ ਤੇ ਉਸ ਦੇ ਦੋ ਲੜਕੇ ਤੇ ਦੋ ਲੜਕੀਆਂ ਹਨ, ਜਿਨ੍ਹਾਂ ਵਿੱਚੋਂ ਇੱਕ ਲੜਕੀ ਦਾ ਕੁਝ ਸਮਾਂ ਪਹਿਲਾਂ ਹੀ ਵਿਆਹ ਕੀਤਾ ਗਿਆ ਸੀ।

ਕਾਤਰਾਂ

ਬਦਲਦਾ ਹੈ ਤਾਂ ਸਿਰਫ਼ ਸਮਾਂ, ਅਹਿਸਾਸ ਤੇ ਨਜ਼ਰੀਆ : ਬੀ ਕੇ ਸ਼ਾਂਤਨੂੰ

ਜੈਤੋ (ਸਤੀਸ਼ ਕੁਮਾਰ ਭੀਗੀ)-ਮਾਊਂਟ ਆਬੂ ਈਸ਼ਵਰੀਆ ਵਿਸ਼ਵਵਿਦਿਆਲਿਆ ਦੇ ਰਾਸ਼ਟਰੀ ਮੀਡੀਆ ਇੰਚਾਰਜ ਬੀ ਕੇ ਸ਼ਾਂਤਨੂੰ ਨੇ ਕਿਹਾ ਕਿ ਲੋਕ ਬੁਰੇ ਨਹੀਂ ਹੁੰਦੇ ਬੱਸ ਜਦੋਂ ਤੁਹਾਡਾ ਮਤਲਬ ਪੂਰਾ ਹੋ ਜਾਂਦਾ ਹੈ ਤਾਂ ਉਹ ਤੁਹਾਨੂੰ ਬੁਰੇ ਲੱਗਣ ਲੱਗ ਜਾਂਦੇ ਹਨ।ਉਨ੍ਹਾ ਕਿਹਾ ਕਿ ਸਮਝਣੀ ਹੈ ਜ਼ਿੰਦਗੀ ਤਾਂ ਪਿੱਛੇ ਦੇਖੋ, ਜੇਕਰ ਜਿਉਣੀ ਹੈ ਜ਼ਿੰਦਗੀ ਤਾਂ ਅੱਗੇ ਦੇਖੋ।ਸ਼ਾਂਤਨੂੰ ਨੇ ਕਿਹਾ ਕਿ ਅਸੀਂ ਵੀ ਉੱਥੇ ਹੀ ਮੌਜੂਦ ਹਾਂ, ਰਿਸ਼ਤੇ ਵੀ ਉੱਥੇ ਹੀ ਮੌਜੂਦ ਹਨ ਅਤੇ ਰਸਤੇ ਵੀ ਉੱਥੇ ਹੀ ਮੌਜੂਦ ਰਹਿੰਦੇ ਹਨ, ਬਦਲਦਾ ਹੈ ਤਾਂ ਸਿਰਫ਼ ਸਮਾਂ, ਅਹਿਸਾਸ ਤੇ ਨਜ਼ਰੀਆ।ਸ਼ਾਂਤਨੂੰ ਨੇ ਕਿਹਾ ਕਿ ਦੁਨੀਆ ਦੇ ਹਰ ਰਿਸ਼ਤੇ ਨੂੰ ਨਿਭਾਉਣ ਲਈ ਅਸੀਂ ਚੌਵੀ ਘੰਟੇ ਲੱਗੇ ਰਹਿੰਦੇ ਹਾਂ, ਪਰ ਫਿਰ ਵੀ ਜ਼ਿਆਦਾਤਰ ਲੋਕ ਨਰਾਜ਼ ਰਹਿੰਦੇ ਹਨ, ਸਿਰਫ਼ ਇੱਕ ਪ੍ਰਮਾਤਮਾ ਹੈ, ਜਿਸ ਨੂੰ ਜੇਕਰ ਅਸੀਂ ਇੱਕ ਘੰਟੇ ਦਾ ਵੀ ਸਮਾਂ ਦੇ ਦੇਈਏ ਤਾਂ ਉਹ ਇੰਨਾ ਖੁਸ਼ ਹੋ ਜਾਂਦਾ ਹੈ ਕਿ ਸਾਨੂੰ ਭਵਸਾਗਰ ਤੋਂ ਪਾਰ ਕਰਾ ਦਿੰਦਾ ਹੈ।

ਛਾਜਲੀ ਸਕੂਲ 'ਚ ਐੱਨ ਐੱਸ ਐੱਸ ਕੈਂਪ

ਦਿੜ੍ਹਬਾ (ਜਸਵੀਰ ਲਾਡੀ)-ਇੱਥੋਂ ਥੋੜ੍ਹੀ ਦੂਰ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਛਾਜਲੀ ਵਿਖੇ ਯੁਵਕ ਸੇਵਾਵਾਂ ਵਿਭਾਗ ਦੇ ਸਹਾਇਕ ਡਾਇਰੈਕਟਰ ਅਰੁਣ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਕੂਲ ਪ੍ਰਿੰਸੀਪਲ ਗੁਰਵਿੰਦਰ ਸਿੰਘ ਦੀ ਯੋਗ ਅਗਵਾਈ ਅਧੀਨ ਪ੍ਰੋਗਰਾਮ ਅਫਸਰ ਅਮਨੀਸ਼ ਕੁਮਾਰ ਤੇ ਸੰਦੀਪ ਸਿੰਘ ਦੁਆਰਾ ਸੱਤ ਰੋਜ਼ਾ ਐੱਨ ਐੱਸ ਐੱਸ ਕੈਂਪ ਸਕੂਲ ਕੈਂਪਸ ਵਿਖੇ ਬੀਤੀ 25 ਮਾਰਚ ਤੋਂ 31 ਮਾਰਚ ਤੱਕ ਲਗਾਇਆ ਜਾ ਰਿਹਾ ਹੈ।ਇਸ ਵਿੱਚ ਵਿਦਿਆਰਥੀਆਂ ਵੱਲੋਂ ਸਕੂਲ ਕੈਂਪਸ ਤੋਂ ਇਲਾਵਾ ਸਰਵਜਨਕ ਸੰਸਥਾਵਾਂ ਦੀ ਸਾਫ਼ ਸਫਾਈ ਕਰਨ ਦੇ ਨਾਲ ਵਿਸ਼ੇਸ਼ ਲੈਕਚਰਾਂ ਦੁਆਰਾ ਆਪਣੀ ਸ਼ਖਸੀਅਤ ਦਾ ਸਰਵਪੱਖੀ ਵਿਕਾਸ ਕੀਤਾ ਜਾ ਰਿਹਾ ਹੈ।ਇਸ ਕੈਂਪ ਵਿੱਚ 100 ਵਿਦਿਆਰਥੀਆਂ ਤੋਂ ਇਲਾਵਾ ਅਧਿਆਪਕ ਸਾਹਿਬਾਨ ਵੀ ਵੱਧ ਚੜ੍ਹ ਕੇ ਹਿੱਸਾ ਲੈ ਰਹੇ ਹਨ।ਇਸ ਵਿੱਚ ਹੋਰਨਾਂ ਤੋਂ ਇਲਾਵਾ ਹਰਮੀਤ ਸਿੰਘ ਵੀਨਾ ਰਾਣੀ, ਜਸਵਿੰਦਰ ਸਿੰਘ, ਅਸੀਸ ਗੁਪਤਾ, ਮਾਧਵ ਗੁਪਤਾ ਹਾਜ਼ਰ ਹਨ।

ਅਦਾਲਤ 'ਚ ਹਾਜ਼ਰ ਨਾ ਹੋਣ 'ਤੇ 5 ਖਿਲਾਫ ਮਾਮਲਾ ਦਰਜ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਮਾਣਯੋਗ ਅਦਾਲਤ ਵਿੱਚ ਹਾਜ਼ਰ ਨਾ ਹੋਣ 'ਤੇ ਪੰਜ ਲੋਕਾਂ ਖਿਲਾਫ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ 174-ਏ ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਦੇ ਸਹਾਇਕ ਥਾਣੇਦਾਰ ਰਮਨ ਕੁਮਾਰ, ਦਰਸ਼ਨ ਸਿੰਘ, ਸ਼ਰਮਾ ਸਿੰਘ, ਗਹਿਣਾ ਰਾਮ, ਅਯੂਬ ਮਸੀਹ ਤੇ ਗੁਰਦੇਵ ਸਿੰਘ ਨੇ ਦੱਸਿਆ ਕਿ ਇਹ ਹੁਕਮ ਮਾਣਯੋਗ ਅਦਾਲਤ ਸ੍ਰੀ ਅਸ਼ੋਕ ਕੁਮਾਰ ਚੌਹਾਨ ਜੇਐੱਮਆਈਸੀ ਫਿਰੋਜ਼ਪੁਰ ਵੱਲੋਂ 19 ਦਸੰਬਰ 2022, 1 ਸਤੰਬਰ 2022 ਨੂੰ ਜਾਰੀ ਹੁਕਮ ਵਿੱਚ ਦੋਸ਼ੀਆਨ ਨੀਰਜ ਅਰੋੜਾ ਠੱਠੀ ਪੁੱਤਰ ਸਤਪਾਲ ਠੱਠੀ ਵਾਸੀ ਗਲੀ ਨੰਬਰ 12 ਸਾਊਥ ਐਵੇਨਿਓ ਹਨੂੰਮਾਨਗੜ੍ਹ ਰੋਡ ਅਬੋਹਰ, ਜ਼ਿਲ੍ਹਾ ਫਾਜ਼ਿਲਕਾ, ਅਮਿਤ ਕੁਮਾਰ ਪੁੱਤਰ ਰਾਜ ਕੁਮਾਰ ਵਾਸੀ ਗਲੀ ਨੰਬਰ 6 ਸਿੱਧੂ ਨਗਰੀ ਅਬੋਹਰ ਜ਼ਿਲ੍ਹਾ ਫਾਜ਼ਿਲਕਾ, ਪ੍ਰਮੋਦ ਨਾਗਪਾਲ ਡਾਇਰੈਕਟਰ ਨੈਚਰ ਫਾਰਮ ਐਂਡ ਰੀਅਲ ਅਸਟੇਟ ਪ੍ਰਾਈਵੇਟ ਲਿਮਟਿਡ ਵਾਸੀ ਅਬੋਹਰ, ਅਮਿਤ ਮਲਹੋਤਰਾ ਬ੍ਰਾਂਚ ਇੰਚਾਰਜ ਨੇਚਰ ਫਾਰਮ ਐਂਡ ਰੀਅਲ ਅਸਟੇਟ ਪ੍ਰਾਈਵੇਟ ਲਿਮਟਿਡ ਅਬੋਹਰ ਤੇ ਸ਼ਿਫਾਲੀ ਆਨੰਦ ਪੁੱਤਰ ਨਰੇਸ਼ ਆਨੰਦ ਵਾਸੀ ਨਵੀਂ ਆਬਾਦੀ ਗਲੀ ਨੰਬਰ 10 ਅਬੋਹਰ ਜ਼ਿਲ੍ਹਾ ਫਾਜ਼ਿਲਕਾ ਨੂੰ ਮਾਣਯੋਗ ਅਦਾਲਤ ਵਿੱਚ ਹਾਜ਼ਰ ਨਾ ਆਉਣ 'ਤੇ ਉਨ੍ਹਾਂ ਖਿਲਾਫ ਅ/ਧ 174-ਏ ਆਈਪੀਸੀ ਤਹਿਤ ਕਾਰਵਾਈ ਕਰਨ ਲਈ ਮੌਸੂਲ ਹੋਇਆ, ਜਿਸ 'ਤੇ ਦੋਸ਼ੀਆਨ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ ਹੈ।

ਬੀ ਐੱਸ ਐੱਫ ਵੱਲੋਂ 2 ਵਿਅਕਤੀ ਹੈਰੋਇਨ ਤੇ ਮੋਬਾਈਲ ਸਮੇਤ ਕਾਬੂ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਬੀ.ਐੱਸ.ਐੱਫ. 182 ਕਾਮਡੀਅਨ ਬਟਾਲੀਅਨ ਨੇ 2 ਵਿਅਕਤੀਆਂ ਨੂੰ 20 ਗ੍ਰਾਮ ਹੈਰੋਇਨ ਤੇ 2 ਮੋਬਾਈਲਾਂ ਸਮੇਤ ਕਾਬੂ ਕਰਕੇ ਥਾਣਾ ਮਮਦੋਟ ਦੇ ਹਵਾਲੇ ਕੀਤਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸਬ-ਇੰਸਪੈਕਟਰ ਦਵਿੰਦਰ ਸਿੰਘ ਨੇ ਦੱਸਿਆ ਕਿ ਜਦੋਂ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਦੌਰਾਨ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਕਰ ਰਹੀ ਸੀ ਤਾਂ ਉਨ੍ਹਾਂ ਨੂੰ ਇੰਸਪੈਕਟਰ ਮੋਨੂੰ ਓਝਾ ਬੀ.ਐੱਸ.ਐੱਫ. ਨੇ ਪੱਤਰ ਦਿੰਦਿਆਂ

29-March-PAGE-11-Majha-24.qxd 3/28/2024 10:56 PM Page 1

ਪਾਵਰ ਮੈਨੇਜਮੈਂਟ ਤੇ ਪੰਜਾਬ ਸਰਕਾਰ ਦੇ ਅੱਖੜ ਰਵੱਈਏ ਖਿਲਾਫ਼ ਬਿਜਲੀ ਕਾਮਿਆਂ ਦੀ ਕਨਵੈਨਸ਼ਨ

ਗੁਰਦਾਸਪੁਰ : ਪੀ ਐਸ ਈ ਬੀ ਇੰਪਲਾਈਜ਼ ਜੁਆਇੰਟ ਫੋਰਮ ਅਤੇ ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ ਦੇ ਸੂਬਾ ਪੱਧਰੀ ਸੱਦੇ 'ਤੇ ਸਰਕਲ ਗੁਰਦਾਸਪੁਰ ਦੀ ਸਾਂਝੀ ਕਨਵੈਨਸ਼ਨ ਸਥਾਨਿਕ ਰਾਮ ਸਿੰਘ ਦੱਤ ਹਾਲ ਵਿੱਖੇ ਸਾਥੀ ਬਲਵਿੰਦਰ ਉਦੀਪੁਰ, ਦਰਬਾਰਾ ਸਿੰਘ ਛੀਨਾ, ਸਜੀਵ ਸ਼ੈਣੀ, ਸਲਵਿੰਦਰ ਕੁਮਾਰ ਦੀ ਸਾਂਝੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਵੱਡੀ ਗਿਣਤੀ ਆਗੂ ਸਾਥੀ ਸ਼ਾਮਲ ਹੋਏ ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਏਕਤਾ ਮੰਚ ਅਤੇ ਜੁਆਇੰਟ ਫੋਰਮ ਦੇ ਸੂਬਾਈ ਆਗੂ ਗੁਰਪ੍ਰੀਤ ਸਿੰਘ ਗੰਡੀਵਿੰਡ, ਰਵੇਲ ਸਿੰਘ ਸਹਾਏਪੁਰ, ਗੁਰਵੇਲ ਸਿੰਘ ਬੱਲਪੁਰੀਆ ਨੇ ਕਿਹਾ ਕਿ ਪਾਵਰ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਬਿਜਲੀ ਕਾਮਿਆਂ ਦੀਆਂ ਮੰਗਾਂ ਵੱਲ ਕੋਈ ਧਿਆਨ ਨਹੀਂ ਦੇ ਰਹੀ, ਲਗਾਤਾਰ ਵਾਜਬ ਮਸਲਿਆਂ 'ਤੇ ਮੈਨੇਜਮੈਂਟ ਟਾਲ ਮਟੋਲ ਕਰ ਰਹੀ ਹੈ, ਨਵੀਂ ਭਰਤੀ ਕਰਨ ਤੋਂ ਟਾਲਾ ਵੱਟਿਆ ਜਾ ਰਿਹਾ ਹੈ। ਵੱਡੇ ਪੱਧਰ 'ਤੇ ਹਰੇਕ ਮਹੀਨੇ ਹੋ ਰਹੀ ਸੇਵਾ ਮੁਕਤੀ ਕਾਰਨ ਕਰਮਚਾਰੀ ਕੰਮ ਦੇ ਬੋਝ ਨਾਲ ਨਪੀੜੇ ਜਾ ਰਹੇ ਹਨ।ਮਹਿਕਮੇ ਦਾ ਅੰਨ੍ਹੇਵਾਹ ਨਿੱਜੀਕਰਨ ਕੀਤਾ ਜਾ ਰਿਹਾ ਹੈ, ਕਰਮਚਾਰੀਆਂ ਨੂੰ ਧੱਕੇ ਨਾਲ ਪਾਵਰਕਾਮ ਵਿੱਚੋਂ ਬਦਲੀ ਕਰਕੇ ਟਰਾਸਕੋ ਕੰਪਨੀ ਵਿਚ ਭੇਜਿਆ ਜਾ ਰਿਹਾ ਹੈ ਅਤੇ ਕਰਮਚਾਰੀਆਂ ਨੂੰ ਮਿਲ ਰਹੀਆਂ ਸਹੂਲਤਾਂ ਨੂੰ ਖਤਮ ਕੀਤਾ ਜਾ ਰਿਹਾ ਹੈ। ਆਗੂਆਂ ਕਿਹਾ ਕਿ ਪਾਵਰ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਦੇ ਮੁਲਾਜ਼ਮਾਂ ਪ੍ਰਤੀ ਧਾਰਨ ਕੀਤੇ ਅੱਖੜ ਰਵੱਈਏ ਖਿਲਾਫ ਸਮੂੱਚੇ ਸਰਕਲਾਂ ਦੀਆਂ ਕਨਵੈਨਸ਼ਨਾਂ ਕਰਨ ਉਪਰੰਤ ਬਿਜਲੀ ਕਾਮਿਆਂ ਨੂੰ ਲਾਮਬੰਦ ਕਰਕੇ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਵਿਰੁੱਧ ਸਾਰੇ 13 ਲੋਕ ਸਭਾ ਹਲਕਿਆਂ ਵਿੱਚ ਚੋਣਾਂ ਦੇ ਦਿਨਾਂ 'ਚ ਤਿੱਖਾ ਸੰਘਰਸ਼ ਕਰਦੇ ਹੋਏ ਪਿੰਡਾਂ /ਕਸਬਿਆਂ /ਸ਼ਹਿਰਾਂ ਵਿੱਚ ਝੰਡਾ ਮਾਰਚ ਕਰਕੇ ਪੰਜਾਬ ਸਰਕਾਰ ਦੀ ਮੁਲਾਜ਼ਮ ਵਿਰੋਧੀ ਨੀਤੀ ਦਾ ਪਰਦਾਫਾਸ਼ ਕੀਤਾ ਜਾਵੇਗਾ। ਕਿਉਂਕਿ ਕੇਂਦਰ ਸਰਕਾਰ ਵੱਲੋ ਐਲਾਨ ਕੀਤੇ ਮਹਿੰਗਾਈ ਭੱਤੇ ਦੀਆਂ ਤਿੰਨ ਕਿਸ਼ਤਾਂ ਪੰਜਾਬ ਸਰਕਾਰ ਵੱਲੋਂ ਜਾਮ ਕੀਤੀਆਂ ਹੋਈਆਂ ਹਨ। ਸਕੇਲਾਂ ਦਾ ਬਕਾਇਆ ਨਹੀਂ ਦਿੱਤਾ ਜਾ ਰਿਹਾ, ਪਹਿਲਾਂ ਮਿਲਦੀਆਂ ਸਹੂਲਤਾਂ ਨੂੰ ਖੋਹਿਆ ਜਾ ਰਿਹਾ ਹੈ। ਜਿਸ ਕਾਰਨ ਪੰਜਾਬ ਦੇ ਮੁਲਾਜ਼ਮਾਂ ਵਿੱਚ ਭਾਰੀ ਰੋਸ ਹੈ। ਜਿਸ ਦਾ ਖਮਿਆਜ਼ਾ ਹੁਣ ਸਰਕਾਰ ਨੂੰ ਲੋਕ ਸਭਾ ਚੋਣਾਂ ਦੌਰਾਨ ਭੁਗਤਣਾ ਪਵੇਗਾ ਅਤੇ ਸਮੂਹ ਜਥੇਬੰਦੀਆਂ ਇਕੱਠੇ ਹੋ ਕੇ ਪਾਵਰ ਦੀ ਮੈਨੇਜਮੈਂਟ ਅਤੇ ਸਰਕਾਰ ਵਿਰੁੱਧ ਸੰਘਰਸ਼ ਨੂੰ ਅੱਗੇ ਤੋਰਦੇ ਹੋਏ ਗਰਮੀ ਦੇ ਮੌਸਮ ਵਿੱਚ ਸ਼ੁਰੂ ਹੋਣ ਵਾਲੇ ਪੈਡੀ ਸੀਜ਼ਨ ਵਿੱਚ ਵੀ ਸੰਘਰਸ਼ ਨੂੰ ਜਾਰੀ ਰੱਖ ਕੇ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਨੂੰ ਮੰਗਾਂ ਮੰਨਣ ਲਈ ਮਜਬੂਰ ਕੀਤਾ ਜਾਵੇਗਾ। ਇਸ ਮੌਕੇ ਜਸਵਿੰਦਰ ਸਿੰਘ ਗਿੱਲ, ਰਣਧੀਰ ਸਿੰਘ ਕਾਹਲੋਂ, ਅਰਜਨ ਸਿੰਘ ਬਟਾਲਾ, ਸਜੀਵ ਸ਼ਰਮਾ , ਹਰਦਿਆਲ ਸਿੰਘ, ਸਾਹਿਬ ਸਿੰਘ ਧਾਲੀਵਾਲ , ਲਖਵਿੰਦਰ ਸਿੰਘ, ਹਰਜੀਤ ਸਿੰਘ ਟਰਪਈ, ਪਿਆਰਾ ਸਿੰਘ ਭਾਮੜੀ, ਵਿਨੋਦ ਠਾਕੁਰ, ਗੁਰਨਾਮ ਸਿੰਘ, ਸੁਖਦੇਵ ਖੁੱਡਾ , ਦਿਨੇਸ਼ਵਰ ਸਿੰਘ, ਬਲਵਿੰਦਰ ਸਿੰਘ ਬਾਜਵਾ ਆਦਿ ਆਗੂਆਂ ਨੇ ਆਪਣੇ ਵਿਚਾਰ ਪੇਸ਼ ਕਰਦੇ ਹੋਏ ਪਾਵਰ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਦੇ ਮੁਲਾਜ਼ਮ ਮੰਗਾਂ ਪ੍ਰਤੀ ਅਪਣਾਏ ਨਾਂਹ ਪੱਖੀ ਰਵੱਈਏ ਖਿਲਾਫ ਸੰਘਰਸ਼ ਨੂੰ ਤਿੱਖਾ ਕਰਨ ਲਈ ਸੁਝਾਅ ਦਿੱਤੇ।

ਬਿਜਲੀ ਬੋਰਡ ਦੇ ਸਬ-ਸਟੋਰ 'ਚੋਂ 4 ਕੁਇੰਟਲ 50 ਕਿਲੋ ਬ੍ਰਾਸ ਤੇ 96 ਕਿਲੋ ਕਾਪਰ ਚੋਰੀ

ਧਾਰੀਵਾਲ (ਮਨਦੀਪ ਸਿੰਘ ਵਿੱਕੀ) - ਪਾਵਰਕਾਮ ਮਹਿਕਮਾ ਬਿਜਲੀ ਬੋਰਡ ਦੇ ਸਬ ਸਟੋਰ ਧਾਰੀਵਾਲ ਵਿੱਚੋਂ 4 ਕੁਇੰਟਲ 50 ਕਿਲੋ ਬ੍ਰਾਸ ਅਤੇ 96 ਕਿਲੋ ਕਾਪਰ ਚੋਰੀ ਕਰਕੇ ਮੋਟਰਸਾਈਕਲ ਵਾਲੀ ਰੇਹੜੀ ਵਿੱਚ ਲੱਦਿਆ ਸਾਮਨ ਲੈ ਕੇ ਚਾਰ ਅਣਪਛਾਤੇ ਨੌਜਵਾਨ ਰੇਹੜੀ ਭਜਾ ਕੇ ਫਰਾਰ ਹੋ ਗਏ। ਨਰਿੰਦਰ ਸਿੰਘ ਵਾਸੀ ਹੀਰ ਨੇ ਦੱਸਿਆ ਕਿ ਉਹ ਸਬ ਸਟੋਰ ਧਾਰੀਵਾਲ (ਮਹਿਕਮਾ ਬਿਜਲੀ ਬੋਰਡ) ਵਿੱਚ ਪੈਕਸੂ ਪ੍ਰਾਈਵੇਟ ਕੰਪਨੀ ਵੱਲੋਂ ਬਤੌਰ ਸਕਿਉਰਟੀ ਗਾਰਡ ਡਿਊਟੀ ਕਰਦਾ ਹੈ। ਸਵੇਰੇ 5 ਵਜੇ ਸਟੋਰ ਦਾ ਰਾਊਂਡ ਕਰਦੇ ਸਮੇਂ ਅੰਦਰੋਂ ਅਚਾਨਕ ਖੜਕੇ ਦੀ ਅਵਾਜ਼ ਸੁਣਾਈ ਦੇਣ 'ਤੇ ਜਦੋਂ ਉਸ ਨੇ ਅੰਦਰ ਜਾ ਕੇ ਦੇਖਿਆ ਤਾਂ ਕੱਪੜੇ ਨਾਲ ਮੂੰਹ ਢਕੇ ਹੋਏ 4 ਨੌਜਵਾਨਾਂ ਨੇ ਹੱਥ ਵਿੱਚ ਰਾਡਾਂ ਫੜੀਆਂ ਹੋਈਆਂ ਸਨ ਅਤੇ ਉਹ ਉਸ ਨੂੰ ਧੱਕਾ ਦੇ ਕੇ ਭੱਜ ਗਏ।

ਉਸ ਨੇ ਉਨ੍ਹਾਂ ਦੇ ਪਿੱਛੇ ਭੱਜ ਕੇ ਦੇਖਿਆ ਤਾਂ ਉਹ ਮੋਟਰਸਾਈਕਲ ਵਾਲੀ ਰੇਹੜੀ ਵਿੱਚ ਲੱਦਿਆ ਚੋਰੀ ਕੀਤਾ ਸਮਾਨ ਰੇਹੜੀ ਭਜਾ ਕੇ ਲੈ ਗਏ। ਉਸ ਨੇ ਸਟੋਰ ਵਿੱਚ ਜਾ ਕੇ ਦੇਖਿਆ ਤਾਂ ਅੰਦਰੋਂ ਕਾਫੀ ਮਾਤਰਾ ਵਿੱਚ ਬ੍ਰਾਸ ਅਤੇ ਕਾਪਰ ਗਾਇਬ ਸੀ। ਇਸ ਸਬੰਧੀ ਪੁਸ਼ਟੀ ਕਰਦਿਆਂ ਸਬ ਸਟੋਰ ਧਾਰੀਵਾਲ ਦੇ ਐਸ ਡੀ ਓ ਰਜਿੰਦਰ ਕੁਮਾਰ ਨੇ ਦੱਸਿਆ ਕਿ ਸਟੋਰ ਵਿੱਚੋਂ ਕਰੀਬ 4 ਕੁਇੰਟਲ 50 ਕਿਲੋ ਬ੍ਰਾਸ ਅਤੇ 96 ਕਿਲੋ ਕਾਪਰ ਚੋਰੀ ਹੋਇਆ ਹੈ। ਥਾਣਾ ਧਾਰੀਵਾਲ ਦੇ ਏ ਐਸ ਆਈ ਯੂਸਫ਼ ਮਸੀਹ ਨੇ ਸਕਿਉਰਟੀ ਗਾਰਡ ਨਰਿੰਦਰ ਸਿੰਘ ਦੇ ਬਿਆਨਾਂ ਅਨੁਸਾਰ 4 ਨਾ-ਮਾਲੂਮ ਵਿਅਕਤੀਆਂ ਵਿਰੁੱਧ ਧਾਰਾ 457, 380, 34 ਭ.ਦ ਤਹਿਤ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਪਹਿਲੀ ਤੋਂ ਸ਼ੁਰੂ ਹੋਵੇਗੀ ਕਣਕ ਦੀ ਸਰਕਾਰੀ ਖਰੀਦ : ਡਿਪਟੀ ਕਮਿਸ਼ਨਰ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)- ਕਣਕ ਦੇ ਖਰੀਦ ਸੀਜ਼ਨ ਨੂੰ ਧਿਆਨ ਵਿਚ ਰੱਖਦੇ ਹੋਏ ਬੁੱਧਵਾਰ ਡਿਪਟੀ ਕਮਿਸ਼ਨਰ ਘਨਸ਼ਾਮ ਥੋਰੀ ਨੇ ਮੰਡੀ ਬੋਰਡ ਦੇ ਅਧਿਕਾਰੀਆਂ, ਜ਼ਿਲ੍ਹਾ ਖੁਰਾਕ ਤੇ ਸਿਵਲ ਸਪਲਾਈ ਕੰਟਰੋਲਰ, ਖਰੀਦ ਏਜੰਸੀਆਂ ਦੇ ਨੁਮਾਇੰਦਿਆਂ ਨਾਲ ਮੁੱਖ ਸਕੱਤਰ ਪੰਜਾਬ ਨਾਲ ਵੀਡੀਓ ਕਾਨਫਰੰਸਿੰਗ ਕਰਦਿਆਂ ਦੱਸਿਆ ਕਿ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਕਣਕ ਦੇ ਖਰੀਦ ਦੇ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ ਅਤੇ ਸੀਜ਼ਨ ਦੌਰਾਨ ਕਿਸਾਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਮੁਸ਼ਕਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਸਰਕਾਰ ਦੀਆਂ ਹਦਾਇਤਾਂ ਅਨੁਸਾਰ 1 ਅਪ੍ਰੈਲ ਤੋਂ ਕਣਕ ਦੀ ਸਰਕਾਰੀ ਖਰੀਦ ਸ਼ੁਰੂ ਹੋ ਰਹੀ ਹੈ, ਜੋ ਕਿ 31 ਮਈ ਤੱਕ ਕੀਤੀ ਜਾਵੇਗੀ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਕਣਕ ਦੀ ਖਰੀਦ ਦਾ ਮੁੱਲ 2275 ਰੁਪਏ ਪ੍ਰਤੀ ਕੁਇੰਟਲ ਮਿਥਿਆ ਗਿਆ ਹੈ। ਉਨਾਂ ਦੱਸਿਆ ਕਿ ਜ਼ਿਲ੍ਹੇ ਅੰਦਰ ਕਣਕ ਦਾ ਕੁੱਲ ਰਕਬਾ 188000 ਹੈਕਟੇਅਰ ਹੈ ਅਤੇ ਅੰਦਾਜ਼ਨ 940000 ਮੀਟ੍ਰਿਕ ਟਨ ਉਤਪਾਦਨ ਹੋਣ ਦੀ ਉਮੀਦ ਹੈ ਅਤੇ ਸਰਕਾਰ ਵਲੋਂ ਅੰਦਾਜ਼ਨ 736011 ਮੀਟ੍ਰਿਕ ਟਨ ਖਰੀਦ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਕਣਕ ਦੀ ਖਰੀਦ ਲਈ 11 ਸਬ ਯਾਰਡ ਅਤੇ 38 ਮੰਡੀਆਂ ਬਣਾਈਆਂ ਗਈਆਂ ਹਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਖਰੀਦ ਏਜੰਸੀ ਪਨਗਰੇਨ ਵਲੋਂ 25.52 ਫੀਸਦੀ, ਮਾਰਕਫੈਡ ਵਲੋਂ 24.12, ਪਨਸਪ ਵਲੋਂ 23.37, ਪੰਜਾਬ ਸਟੇਟ ਵੇਅਰ ਹਾਊਸ ਵਲੋਂ 24.50 ਅਤੇ ਫੂਡ ਕਾਰਪੋਰੇਸ਼ਨ ਇੰਡੀਆ ਵਲੋਂ 12.50 ਫੀਸਦੀ ਅੰਦਾਜ਼ਨ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਘੱਟੋ ਘੱਟ ਸਮਰਥਨ ਮੁੱਲ 2275 ਰੁਪਏ ਪ੍ਰਤਿ ਕੁਇੰਟਲ ਨਿਸਚਿਤ ਕੀਤਾ ਹੈ। ਉਨ੍ਹਾਂ ਦੱਸਿਆ ਕਿ ਲੇਬਰ ਤੇ ਢੋਆ ਢੁਆਈ ਦੀ ਪਾਲਿਸੀ ਵੀ ਲਾਗੂ ਕਰ ਦਿੱਤੀ ਗਈ ਹੈ। ਜ਼ਿਲ੍ਹੇ ਵਿੱਚ ਕਣਕ ਦੀ ਸਟੋਰੇਜ ਲਈ ਸਪੇਸ ਵਾਧੂ ਹੈ ਅਤੇ ਕਿਸਾਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ। ਡਿਪਟੀ ਕਮਿਸ਼ਨਰ ਨੇ ਮੰਡੀ ਇੰਸਪੈਕਟਰਾਂ ਨੂੰ ਹਦਾਇਤ ਕਰਦੇ ਕਿਹਾ ਕਿ ਉਹ ਖਰੀਦ ਸੀਜ਼ਨ ਦੌਰਾਨ ਸਕਾਰਤਮਕ ਭੂਮਿਕਾ ਨਿਭਾਉਣ, ਨਾ ਕਿ ਕਿਸਾਨਾਂ ਨੂੰ ਪਰੇਸ਼ਾਨ ਕਰਨ ਵੱਲ ਧਿਆਨ ਦੇਣ। ਥੋਰੀ ਨੇ ਕਿਹਾ ਕਿ ਕਿਸੇ ਵੀ ਤਰ੍ਹਾਂ ਦਾ ਭ੍ਰਿਸ਼ਟਾਚਾਰ ਜਾਂ ਢਿੱਲ-ਮੱਠ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਜ਼ਿਲ੍ਹਾ ਖੁਰਾਕ ਤੇ ਸਿਵਲ ਸਪਲਾਈ ਕੰਟਰੋਲਰ ਸਰਤਾਜ ਸਿੰਘ ਨੂੰ ਹਦਾਇਤ ਕੀਤੀ ਕਿ ਉਹ ਕਣਕ ਦੀ ਚੁਕਾਈ ਦੇ ਪ੍ਰਬੰਧਾਂ ਦਾ ਵਿਸ਼ੇਸ਼ ਧਿਆਨ ਦੇਣ ਤਾਂ ਜੋ ਮੰਡੀਆਂ ਵਿਚ ਕਣਕ ਦੇ ਭੰਡਾਰ ਨਾ ਲੱਗਣ। ਸਾਰੇ ਵਿਭਾਗਾਂ ਤੇ ਖਰੀਦ ਏਜੰਸੀਆਂ ਨੂੰ ਇਸ ਟੀਚੇ ਦੀ ਪ੍ਰਾਪਤੀ ਲਈ ਇਕ ਟੀਮ ਬਣ ਕੇ ਕੰਮ ਕਰਨ ਦੀ ਹਦਾਇਤ ਕਰਦੇ ਕਿਹਾ ਕਿ ਮੇਰੇ ਸਮੇਤ ਸਾਰੇ ਐਸ ਡੀ ਐਮ ਤੇ ਹੋਰ ਸੀਨੀਅਰ ਅਧਿਕਾਰੀ ਵੀ ਇਸ ਕੰਮ ਵਿਚ ਤੁਹਾਡੇ ਨਾਲ ਹਨ ਅਤੇ ਕਿਸੇ ਵੀ ਲੋੜ ਵੇਲੇ ਤੁਸੀਂ ਸਾਡੀ ਸਹਾਇਤਾ ਲੈ ਸਕਦੇ ਹੋ। ਇਸ ਮੌਕੇ ਹੋਰਨਾਂ ਤੋਂ ਇਲਾਵਾ ਐਸ.ਡੀ.ਐਮ. ਅੰਮ੍ਰਿਤਸਰ ਮਨਕੰਵਲ ਚਾਹਲ, ਐਸ.ਡੀ.ਐਮ. ਅਜਨਾਲਾ ਅਰਵਿੰਦਰਪਾਲ ਸਿੰਘ ਇਸ ਤੋਂ ਇਲਾਵਾ ਵੱਖ-ਵੱਖ ਖਰੀਦ ਏਜੰਸੀਆਂ ਦੇ ਨੁਮਾਇੰਦੇ ਵੀ ਹਾਜ਼ਰ ਸਨ।

ਸੁਖਬੀਰ ਸਿੰਘ ਬਾਦਲ ਜੀ ਤੁਹਾਡੀ ਪੰਥਕ ਸੋਚ ਤੇ ਆਦਰਸ਼ਾਂ ਦਾ ਸਭ ਨੂੰ ਪਤਾ ਹੈ : ਕਾਮਰੇਡ ਹੀਰਾ ਸਿੰਘ

ਝਬਾਲ (ਹਰਜਿੰਦਰ ਸਿੰਘ ਸੋਨੀ)-ਜਿਵੇਂ ਕਿ ਆਸ ਸੀ ਅਕਾਲੀ-ਭਾਜਪਾ ਗੱਠਜੋੜ ਸਿਰੇ ਨਹੀਂ ਚੜ੍ਹਿਆ। ਜਿਥੇ ਭਾਜਪਾ ਨੇ ਸਾਰੀਆਂ 13 ਲੋਕ ਸਭਾ ਸੀਟਾਂ ਤੇ ਇਕੱਲਿਆਂ ਚੋਣ ਲੜਨ ਦੀ ਗੱਲ ਕਹੀ ਹੈ ਉਥੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪੰਥ ਤੇ ਆਦਰਸ਼ ਪਿਆਰੇ ਹੋਣ ਦੀ ਗੱਲ ਕਰਦਿਆਂ ਕਿਹਾ ਹੈ ਕਿ ਉਹ ਇੱਕਲਿਆਂ ਚੋਣ ਲੜਨਗੇ, ਜਿਸ 'ਤੇ ਆਪਣਾ ਪ੍ਰਤੀਕਰਮ ਪੇਸ਼ ਕਰਦਿਆਂ ਹਿੰਦ ਕਮਿਊਨਿਸਟ ਪਾਰਟੀ ਮਾਰਕਸਵਾਦੀ ਤਰਨ ਤਾਰਨ ਦੇ ਸਕੱਤਰ ਕਾਮਰੇਡ ਹੀਰਾ ਸਿੰਘ ਕੰਡਿਆਂ ਵਾਲੇ ਨੇ ਕਿਹਾ ਕਿ ਬਾਦਲ ਸਾਹਿਬ ਤੁਹਾਡੇ ਪੰਥਕ ਤੇ ਆਦਰਸ਼ ਹਿੱਤ ਕਿੰਨੇ ਕੁ ਹਨ, ਇਸ ਦਾ ਸਾਰਿਆਂ ਨੂੰ ਪਤਾ ਹੈ, ਪਰ ਤੁਸੀਂ ਇਹ ਦੱਸਣ ਦੀ ਖੇਚਲ ਕਰੋ ਕਿ ਕਿਸੇ ਚਮਤਕਾਰ ਰਾਹੀਂ ਤੁਹਾਡਾ ਜੇਕਰ ਇੱਕ ਵੀ ਲੋਕ ਸਭਾ ਮੈਂਬਰ ਬਣ ਗਿਆ ਤਾਂ ਉਹ ਕੇਂਦਰ ਵਿੱਚ ਸਰਕਾਰ ਸਥਾਪਤ ਕਰਨ ਲਈ ਕਿਸ ਸਿਆਸੀ ਪਾਰਟੀ ਨੂੰ ਹਮਾਇਤ ਦਿਉਗੇ, ਕੀ ਤੁਸੀਂ ਇੰਡੀਆ ਗੱਠਜੋੜ ਦਾ ਸਮਰਥਨ ਕਰੋਗੇ ਜਾਂ ਖੱਬੇ ਫਰੰਟ ਨੂੰ ਵੋਟ ਦਿਉਗੇ ਜਾਂ ਫਿਰ ਪੁਰਾਣੀ ਸਾਂਝ ਰੱਖਦਿਆਂ ਭਾਜਪਾ ਦੀ ਹਮਾਇਤ ਕਰੋਂਗੇ। ਕਾਮਰੇਡ ਹੀਰਾ ਸਿੰਘ ਨੇ ਕਿਹਾ ਕਿ ਜੇਕਰ ਤੁਹਾਡੀ ਵੋਟ ਭਾਜਪਾ ਨੂੰ ਹੀ ਜਾਣੀ ਹੈ ਤਾਂ ਫਿਰ ਤੁਹਾਡੇ ਉਮੀਦਵਾਰ ਨੂੰ ਵੋਟ ਪਾਉਣ ਦਾ ਕੀ ਫਾਇਦਾ। ਕਾਮਰੇਡ ਹੀਰਾ ਸਿੰਘ ਨੇ ਕਿਹਾ ਕਿ ਜਦ ਕੇਂਦਰ ਦੀ ਮੋਦੀ ਸਰਕਾਰ ਨੇ ਕਿਸਾਨਾਂ ਦੀਆਂ ਜ਼ਮੀਨਾਂ ਖੋਹਣ ਲਈ ਤਿੰਨ ਕਾਲੇ ਖੇਤੀ ਕਾਨੂੰਨ ਬਣਾਏ ਸਨ, ਤਾਂ ਮਰਹੂਮ ਵੱਡੇ ਬਾਦਲ ਸਮੇਤ ਸੁਖਬੀਰ ਸਿੰਘ ਬਾਦਲ ਅਤੇ ਹਰਸਿਮਰਤ ਕੌਰ ਬਾਦਲ ਨੇ ਅੱਖਾਂ ਬੰਦ, ਕੰਨ ਬੰਦ ਕਰਕੇ ਇਨ੍ਹਾਂ ਕਾਲੇ ਕਾਨੂੰਨ ਦੀ ਹਮਾਇਤ ਕੀਤੀ ਸੀ ਪਰ ਜਦ ਕਿਸਾਨ ਜਥੇਬੰਦੀਆਂ ਨੇ ਦਿੱਲੀ ਦੀਆਂ ਸਰਹੱਦਾਂ ਘੇਰ ਲਈਆਂ ਤਾਂ ਬਾਦਲਾਂ ਨੇ ਇਨ੍ਹਾਂ ਕਾਨੂੰਨਾਂ ਦਾ ਵਿਰੋਧ ਕਰਦਿਆਂ ਹਰਸਿਮਰਤ ਕੌਰ ਬਾਦਲ ਤੋਂ ਕੇਂਦਰੀ ਮੰਡਲ 'ਚੋਂ ਅਸਤੀਫਾ ਦਿਵਾਇਆ ਪਰ ਅੰਦਰੋਂ ਅੰਦਰੀ ਬਾਦਲ ਪਰਵਾਰ ਨੇ ਭਾਜਪਾ ਨੇੜਤਾ ਨਹੀਂ ਤੋੜੀ ਜਿਸ ਦਾ ਸਬੂਤ ਇਸ ਪਰਵਾਰ ਵੱਲੋਂ ਪ੍ਰਧਾਨ ਮੰਤਰੀ ਨੂੰ ਜਨਮ ਦਿਨ 'ਤੇ ਵਧਾਈਆਂ ਭੇਜਣ 'ਤੇ ਮਿਲਦਾ ਹੈ। ਚੰਡੀਗੜ੍ਹ ਦੇ ਮੇਅਰ ਦੀ ਦੋ ਵਾਰ ਚੋਣ ਹੋਣ ਤੇ ਅਕਾਲੀ ਦਲ ਵੱਲੋਂ ਭਾਜਪਾ ਦੀ ਹਮਾਇਤ ਕਰਨਾ ਜਦਕਿ ਅਕਾਲੀ ਦਲ ਨਿਰਪੱਖ ਵੀ ਰਹਿ ਸਕਦਾ ਸੀ। ਹੁਣ ਜਦੋਂ ਇਹ ਗੱਠਜੋੜ ਨਾ ਬਣਨ ਦੀ ਗੱਲ ਹੋ ਗਈ ਹੈ ਤਾਂ ਸੁਖਬੀਰ ਬਾਦਲ ਸਾਹਿਬ ਪੰਥਕ ਸੋਚ ਤੇ ਅਸੂਲਾਂ 'ਤੇ ਪਹਿਰਾ ਦੇਣ ਦੀ ਗੱਲ ਕਰਨ ਲੱਗ ਪਏ ਹਨ। ਕਾਮਰੇਡ ਹੀਰਾ ਸਿੰਘ ਨੇ ਕਿਹਾ ਕਿ ਅਸਲ ਵਿੱਚ ਭਾਜਪਾ ਦੀ ਲੀਡਰਸ਼ਿਪ ਨੂੰ ਇਹ ਗਿਆਨ ਹੋ ਚੁੱਕਾ ਹੈ ਕਿ ਅਕਾਲੀ ਦਲ ਦੇ ਪੱਲੇ ਹੁਣ ਕੁਝ ਵੀ ਨਹੀਂ। ਸੁਖਬੀਰ ਬਾਦਲ ਵਜੋਂ ਧਰਿਆ ਜਾਂਦਾ ਹਰ ਪੈਰ ਅੱਗੇ ਦੀ ਬਜਾਏ ਪਿਛਾਂਹ ਨੂੰ ਜਾਂਦਾ ਹੈ। ਇਸ ਲਈ ਉਨ੍ਹਾਂ (ਭਾਜਪਾ) ਨੇ ਅਕਾਲੀ ਦਲ ਨਾਲ ਗੱਠਜੋੜ ਕਰਨਾ ਮੁਨਾਸਿਬ ਨਹੀਂ ਸਮਝਿਆ ਜਦ ਕਿ ਸੁਖਬੀਰ ਬਾਦਲ ਸਿੱਖਾਂ ਦੀਆਂ ਵੋਟਾਂ ਹਾਸਲ ਕਰਨ ਲਈ ਹਵਾ ਵਿੱਚ ਤਲਵਾਰਾਂ ਮਾਰ ਰਿਹਾ ਹੈ। ਅਕਾਲੀ ਭਾਜਪਾ ਨੇਤਾਵਾਂ ਦੀ ਮਿੱਤਰਤਾ ਇਸ ਤੋਂ ਵੀ ਸਿੱਧ ਹੁੰਦੀ ਹੈ ਕਿ ਕਿਸੇ ਵੀ ਅਕਾਲੀ ਆਗੂ 'ਤੇ ਭਾਜਪਾ ਨੇ ਏ ਡੀ ਜਾਂ ਕਿਸੇ ਹੋਰ ਕੇਂਦਰੀ ਏਜੰਸੀ ਦਾ ਛਾਪਾ ਨਾ ਪਵਾਉਣਾ ਜਦਕਿ ਅਕਾਲੀ ਦਲ ਦੇ ਆਗੂਆਂ ਨੇ ਰਾਜ ਸਭਾ 'ਤੇ ਕਾਬਜ਼ ਰਹਿੰਦਿਆਂ ਰੱਜ ਕੇ ਭ੍ਰਿਸ਼ਟਾਚਾਰ ਕੀਤਾ। ਇਸ ਮੌਕੇ ਉਨ੍ਹਾਂ ਨਾਲ ਕਾਮਰੇਡ ਜਸਵਿੰਦਰ ਸਿੰਘ ਮਾਣੋਚਾਹਲ, ਪੈਨਸ਼ਨ ਯੂਨੀਅਨ ਦੇ ਪ੍ਰਧਾਨ ਕਰਮ ਸਿੰਘ ਲਾਲਪੁਰਾ,ਡਾ ਅਜਮੇਰ ਸਿੰਘ,

29-March-PAGE-12.qxd 3/28/2024 11:09 PM Page 1

ਜਨਮ ਦਿਨ ਮੁਬਾਰਕ

ਨਵਰੀਤੀ ਕੌਰ

ਹਰਸੀਰਤ ਕੌਰ ਸਹੋਤਾ, ਕਪੂਰਥਲਾ

ਚੋਣਾਂ 'ਚ ਧੋਖੇਬਾਜ਼ਾਂ ਨੂੰ ਲੋਕ ਦੇਣਗੇ ਮੋੜਵਾਂ ਜਵਾਬ : ਬਰਸਟ

ਚੰਡੀਗੜ੍ਹ (ਗੁਰਜੀਤ ਬਿੱਲਾ)

ਆਮ ਆਦਮੀ ਪਾਰਟੀ ਪੰਜਾਬ ਦੇ ਸੂਬਾ ਜਨਰਲ ਸਕੱਤਰ ਹਰਚੰਦ ਸਿੰਘ ਬਰਸਟ ਨੇ ਸੁਸ਼ੀਲ ਕੁਮਾਰ ਰਿੰਕੂ ਅਤੇ ਸ਼ੀਤਲ ਅੰਗੁਰਾਲ ਤੇ ਬਰਸਦੇ ਹੋਏ ਦੋਵਾਂ ਨੂੰ ਵਿਸ਼ਵਾਸਘਾਤੀ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਦੋਵਾਂ ਆਗੂਆਂ ਨੂੰ ਲੋਕਾਂ ਨੇ ਇਸ ਲਈ ਚੁਣਿਆ ਸੀ ਕਿਉਂਕਿ ਉਹ 'ਆਪ' ਦੀਆਂ ਟਿਕਟਾਂ 'ਤੇ ਚੋਣ ਮੈਦਾਨ ਵਿੱਚ ਉਤਰੇ ਸਨ ਅਤੇ ਲੋਕ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਅਤੇ ਵਿਕਾਸ ਕਾਰਜਾਂ ਤੋਂ ਬਹੁਤ ਖੁਸ਼ ਹਨ। ਪਰ ਹੁਣ ਇਨ੍ਹਾਂ ਦੋਵਾਂ ਨੇ ਆਮ ਆਦਮੀ ਪਾਰਟੀ ਨੂੰ ਛੱਡ ਭਾਜਪਾ ਵਿੱਚ ਸ਼ਾਮਲ ਹੋ ਕੇ ਲੋਕਾਂ ਦਾ ਵਿਸ਼ਵਾਸ ਤੋੜਿਆ ਹੈ। ਜਿਸਦਾ ਆਗਾਮੀ ਚੋਣਾਂ ਵਿੱਚ ਲੋਕ ਮੋੜਵਾਂ ਜਵਾਬ ਦੇਣਗੇ। ਆਮ ਆਦਮੀ ਪਾਰਟੀ ਪੰਜਾਬ ਦੇ ਸੂਬਾ ਜਨਰਲ ਸਕੱਤਰ ਨੇ ਕਿਹਾ ਕਿ ਪਾਰਟੀ ਵੱਲੋਂ ਸੁਸ਼ੀਲ ਰਿੰਕੂ ਨੂੰ ਜਲੰਧਰ ਤੋਂ ਜਿੱਤ ਦਵਾਉਣ ਲਈ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪ੍ਰਚਾਰ ਕੀਤਾ ਸੀ ਅਤੇ ਉਸ ਨੂੰ ਵੱਡੀ ਜਿੱਤ ਦਵਾਈ ਸੀ। ਪਰ ਸੁਸ਼ੀਲ ਰਿੰਕੂ ਨੇ ਆਪਣੇ ਨਿੱਜੀ ਹਿੱਤਾ ਨੂੰ ਪਹਿਲ ਦਿੰਦੀਆਂ ਪਾਰਟੀ ਨੂੰ ਛੱਡ ਕੇ ਭਾਜਪਾ ਦਾ ਪੱਲਾ ਫੜ ਲਿਆ, ਜਿਸ ਦੇ ਲਈ ਜਲੰਧਰ ਦੇ ਲੋਕ

ਉਸ ਨੂੰ ਕਦੇ ਮਾਫ ਨਹੀਂ ਕਰਨਗੇ। ਬਰਸਟ ਨੇ ਦੋਵਾਂ ਨੂੰ ਕਿਹਾ ਕਿ ਉਹ ਪੰਜਾਬ ਦੇ ਲੋਕਾਂ ਨੂੰ ਦੱਸਣ ਕਿ ਕਿਹੜੀ ਸੌਦੇਬਾਜੀ ਕਰਕੇ ਉਹ ਭਾਜਪਾ ਵਿੱਚ ਸ਼ਾਮਲ ਹੋਏ ਹਨ ਅਤੇ ਲੋਕਾਂ ਨੂੰ ਧੋਖਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸੁਸ਼ੀਲ ਰਿੰਕੂ ਅਤੇ ਸੀਤਲ ਅੰਗੁਰਾਲ ਸਿਰਫ ਇਸ ਲਈ ਚੋਣਾਂ ਵਿੱਚ ਜਿੱਤੇ ਕਿਉਂਕਿ ਉਹ ਆਮ ਆਦਮੀ ਪਾਰਟੀ ਦੇ ਉਮੀਦਵਾਰ ਸਨ, ਪਰ ਉਨ੍ਹਾਂ ਦੇ ਵਿਸ਼ਵਾਸਘਾਤ ਨੂੰ ਦੇਖ ਕੇ ਲੋਕ ਉਨ੍ਹਾਂ ਨੂੰ ਪੂਰੀ ਤਰ੍ਹਾਂ ਨਕਾਰ ਦੇਣਗੇ ਅਤੇ ਚੋਣਾਂ ਵਿੱਚ ਉਸਦੇ ਖਿਲਾਫ ਆਪਣੀ ਵੋਟ ਪਾ ਕੇ ਮੋੜਵਾਂ ਜਵਾਬ ਦੇਣਗੇ। ਹਰਚੰਦ ਸਿੰਘ ਬਰਸਟ ਨੇ ਕਿਹਾ ਕਿ 'ਆਪ' ਹਮੇਸ਼ਾ ਤੋਂ ਹੀ ਪੰਜਾਬ ਅਤੇ ਲੋਕਾਂ ਦੀ ਭਲਾਈ ਲਈ ਕਾਰਜ ਕਰਦੀ ਆਈ ਹੈ ਅਤੇ ਭਵਿੱਖ ਵਿੱਚ ਵੀ ਲੋਕਾਂ ਦੇ ਭਲੇ ਨੂੰ ਮੁੱਖ ਰਖਦੇ ਹੋਏ ਵਿਕਾਸ ਨੀਤੀਆਂ ਤੇ ਕਾਰਜ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਭਾਜਪਾ ਵਿਰੋਧੀ ਨੇਤਾਵਾਂ ਨੂੰ ਆਪਣੀ ਪਾਰਟੀ ਵੱਲ ਲੁਭਾਉਣ ਲਈ ਵੱਡੀਆਂ-ਵੱਡੀਆਂ ਪੇਸਕਸਾਂ ਦਿੰਦੀ ਹੈ, ਪਰ ਪੰਜਾਬ ਦੇ ਲੋਕਾਂ ਨੇ ਕਦੇ ਵੀ ਕਿਸੇ ਵਿਸ਼ਵਾਸਘਾਤੀ ਦਾ ਸਾਥ ਨਹੀਂ ਦਿੱਤਾ ਅਤੇ ਆਉਣ ਵਾਲੀਆਂ ਚੋਣਾਂ ਵਿੱਚ ਲੋਕ ਇੱਕ ਵਾਰ ਫਿਰ 'ਆਪ' ਨੂੰ ਵੋਟਾਂ ਪਾ ਕੇ ਵੱਡੀ ਜਿੱਤ ਦਵਾਉਣਗੇ। ਬਰਸਟ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ 'ਆਪ' ਪੰਜਾਬ ਦੀਆਂ ਸਾਰੀਆਂ 13 ਲੋਕ ਸਭਾ ਸੀਟਾਂ 'ਤੇ ਵੱਡੇ ਅੰਤਰ ਨਾਲ ਜਿੱਤ ਹਾਸਲ ਕਰੇਗੀ। ਉਨ੍ਹਾਂ ਕਿਹਾ ਕਿ ਲੋਕ ਸਭਾ ਚੋਣਾਂ ਵਿੱਚ ਵਿਰੋਧੀ ਪਾਰਟੀਆਂ ਦੇ ਉਮੀਦਵਾਰਾਂ ਦੀਆਂ ਜਮਾਨਤਾਂ ਤੱਕ ਜ਼ਬਤ ਹੋ ਜਾਣਗੀਆਂ। ਪੰਜਾਬ ਦੇ ਲੋਕ ਇਕ ਵਾਰ ਫਿਰ ਆਪਣੇ ਨਿੱਜੀ ਹਿੱਤਾਂ ਲਈ ਪੰਜਾਬ ਨੂੰ ਹਾਸ਼ੀਏ 'ਤੇ ਪਹੁੰਚਾਉਣ ਵਾਲਿਆਂ ਨੂੰ ਮੂੰਹ ਤੋੜਵਾਂ ਜਵਾਬ ਦੇਣਗੇ।

ਗੋਲਡ ਮੈਡਲ ਜਿੱਤ ਕੇ ਪਹੁੰਚੀ ਲੜਕੀਆਂ ਦੀ ਟੀਮ ਦਾ ਗਰਮਜੋਸ਼ੀ ਨਾਲ ਸਵਾਗਤ

ਹੁਸ਼ਿਆਰਪੁਰ (ਓ ਪੀ ਰਾਣਾ)

ਬੀਤੇ ਦਿਨੀਂ ਬਠਿੰਡਾ ਵਿਖੇ ਹੋਈ ਪੰਜਾਬ ਬਾਸਕਟਬਾਲ ਚੈਂਪੀਅਨਸ਼ਿਪ ਅੰਡਰ 17 ਵਿੱਚ ਲੜਕੀਆਂ ਹੁਸ਼ਿਆਰਪੁਰ ਦੀ ਬਾਸਕਟਬਾਲ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਗੋਲਡ ਮੈਡਮ ਪ੍ਰਾਪਤ ਕੀਤਾ। ਹੁਸ਼ਿਆਰਪੁਰ ਪਹੁੰਚੀ ਟੀਮ ਦਾ ਪੁਰਹੀਰਾਂ ਸਟੇਡੀਅਮ ਵਿਖੇ ਹੋਏ ਵਿਸ਼ੇਸ਼ ਸਮਾਗਮ ਦੌਰਾਨ ਜ਼ਿਲਾ ਬਾਸਕਟਵਾਲ ਐਸੋਸੀਏਸ਼ਨ ਹੁਸ਼ਿਆਰਪੁਰ ਵੱਲੋਂ ਬਹੁਤ ਗਰਮਜੋਸ਼ੀ ਨਾਲ ਨਿੱਘਾ ਸਵਾਗਤ ਕੀਤਾ ਅਤੇ ਖਿਡਾਰੀਆਂ ਨੂੰ ਬਿਹਤਰ ਖੇਡ ਪ੍ਰਦਰਸ਼ਨ ਲਈ ਸਨਮਾਨਿਤ ਵੀ ਕੀਤਾ। ਪ੍ਰੇਮ ਸਿੰਘ ਸਕੱਤਰ, ਸੇਵਾ ਮੁਕਤ ਜ਼ਿਲ੍ਹਾ ਸਪੋਰਟਸ ਅਫਸਰ ਨੇ ਦੱਸਿਆ ਕਿ ਇੰਜ. ਸੁਰਿੰਦਰ ਸੰਧੂ ਜ਼ਿਲ੍ਹਾ ਪ੍ਰਧਾਨ ਬਾਸਕਟਵਾਲ ਅਸੋਸੀਏਸ਼ਨ ਹੁਸ਼ਿਆਰਪੁਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬਾਸਕਟਬਾਲ ਚੈਂਪੀਅਨਸ਼ਿਪ ਲਈ ਚੁਣੀ ਗਈ ਅੰਡਰ17 ਬਾਸਕਟਬਾਲ ਲੜਕੀਆਂ ਦੀ ਟੀਮ ਨੇ 22 ਤੋਂ 25 ਮਾਰਚ ਤੱਕ ਬਠਿੰਡਾ ਵਿਖੇ ਖੇਡੀ ਗਈ ਪੰਜਾਬ ਬਾਸਕਟਬਾਲ ਚੈਂਪੀਅਨਸ਼ਿਪ ਵਿਚ ਕੋਚ ਮੈਡਮ ਅਮਨਦੀਪ ਕੌਰ ਦੀ ਅਗਵਾਈ ਹੇਠ ਭਾਗ ਲਿਆ ਅਤੇ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕਰਦਿਆਂ ਗੋਲਡ ਮੈਡਲ ਜਿੱਤਿਆ ਜੋ ਕਿ ਸਮੁੱਚੀ ਟੀਮ, ਕੋਚਾਂ ਅਤੇ ਜ਼ਿਲ੍ਹਾ ਬਾਸਕਟਬਾਲ ਐਸੋਸ਼ੀਏਸ਼ਨ ਲਈ ਬਹੁਤ ਮਾਣ ਅਤੇ ਫਖਰ ਵਾਲੀ ਗੱਲ ਹੈ।ਉਨਾਂ ਕਿਹਾ ਕਿ ਜ਼ਿਲਾ ਬਾਸਕਟਬਾਲ ਐਸੋਸ਼ੀਏਸ਼ਨ ਅਗਾਂਹ ਵੀ ਖਿਡਾਰੀਆਂ ਤੋਂ ਨੈਸ਼ਨਲ ਪੱਧਰ ਦੀਆਂ ਖੇਡਾਂ ਵਿੱਚ ਗੋਲਡ ਮੈਡਲ ਦੀ ਉਮੀਦ ਕਰਦੇ ਹਨ ਅਤੇ

ਖਿਡਾਰੀਆਂ ਦੇ ਮਾਨ ਸਨਮਾਨ ਦੇ ਨਾਲ ਨਾਲ ਹਰ ਕਿਸਮ ਦੀ ਸਹਾਇਤਾ ਲਈ ਵਚਨਬੱਧ ਰਹਾਂਗੇ। ਇਸ ਮੌਕੇ ਸ਼ਹਿਰ ਦੇ ਪਤਵੰਤਿਆਂ ਵਲੋਂ ਵੀ ਟੀਮ ਨੂੰ ਜਿੱਤ ਦੀ ਵਧਾਈ ਦਿੱਤੀ ਅਤੇ ਸਰਾਹਨਾ ਕੀਤੀ। ਇਸ ਮੌਕੇ ਲਾਈਨ ਰਣਜੀਤ ਸਿੰਘ ਰਾਣਾ ਸੀਨੀ.ਮੀਤ ਪ੍ਰਧਾਨ, ਲਾਈਨ ਡਾ. ਰਤਨ ਚੰਦ, ਜਸਵੰਤ ਸਿੰਘ, ਕੋਚ ਸੰਦੀਪ ਮਿੱਟੂ, ਰਜਿੰਦਰ ਰਾਜੂ, ਸਤੀਸ਼ ਸ਼ਰਮਾ, ਨਛੱਤਰ ਸਿੰਘ ਭੱਟੀ, ਮੈਡਮ ਸਰਬਜੀਤ ਕੋਚ ਤੇ ਸਮੂਹ ਮੈਂਬਰ,ਕੋਚ ਹਾਜਰ ਸਨ।

ਕੱਟ ਵਿੱਖੇ ਅੱਖਾਂ ਦਾ ਮੁਫ਼ਤ ਚੈੱਕਅੱਪ ਤੇ ਅਪ੍ਰੇਸ਼ਨ ਕੈਂਪ 31 ਨੂੰ

ਬੰਗਾ (ਅਵਤਾਰ ਕਲੇਰ) ਬਹਿਰਾਮ ਦੇ ਨਜ਼ਦੀਕ ਪਿੰਡ ਕੱਟ ਵਿਖੇ 31 ਮਾਰਚ ਨੂੰ ਗੁਰਦਵਾਰਾ ਸਿੰਘ ਸਭਾ ਵਿਖੇ ਜੱਥੇਦਾਰ ਰਘੁਵੀਰ ਸਿੰਘ ਖੜੌਦ ਦੀ ਯਾਦ ਵਿੱਚ ਬੂਟਾ ਸਿੰਘ ਖੜੌਦ ਵਲੋਂ ਅੱਖਾਂ ਦਾ ਮੁਫਤ ਆਪਰੇਸ਼ਨ ਅਤੇ ਚੈੱਕਅੱਪ ਕੈਂਪ ਯੂਨਾਇਟਡ ਸਿੱਖ ਮਿਸ਼ਨ ਯੂ ਐਸ ਏ ਦੇ ਸਹਿਯੋਗ ਨਾਲ ਲਗਾਇਆ ਜਾ ਰਿਹਾ ਹੈ ਜਿਸ ਵਿੱਚ ਅੱਖਾਂ ਦੇ ਮਾਹਿਰ ਡਾਕਟਰਾਂ ਵਲੋਂ ਮੁਫਤ ਅੱਖਾਂ ਦਾ ਚੈੱਕਅੱਪ ਲੋੜਵੰਦਾਂ ਨੂੰ ਨਿਗ੍ਹਾ ਦੀਆ ਐਨਕਾਂ ਅਤੇ ਅੱਖਾਂ ਦੇ ਆਪ੍ਰੇਸ਼ਨ ਵੀ ਕੀਤੇ ਜਾਣਗੇ। ਸਵੇਰੇ 9 ਵਜੇ ਤੋਂ 1 ਵਜੇ ਤੱਕ ਚੈੱਕਅੱਪ ਕੀਤਾ ਜਵੇਗਾ ਉਪਰੰਤ ਜਿਹੜੇ ਮਰੀਜ਼ਾਂ ਦਾ ਆਪ੍ਰੇਸ਼ਨ ਹੋਣ ਵਾਲਾ ਹੋਵੇਗਾ ਉਨ੍ਹਾਂ ਨੂੰ ਡਾਕਟਰਾਂ ਦੀ ਟੀਮ ਨਾਲ ਲਿਜਾ ਕੇ ਆਪ੍ਰੇਸ਼ਨ ਕਰਨ ਉਪਰੰਤ ਪਿੰਡ ਛੱਡ ਕੇ ਜਾਵੇਗੀ। ਇਸ ਮੌਕੇ ਜੱਥੇਦਾਰ ਜੋਗਾ ਸਿੰਘ, ਪਰਮਜੀਤ ਸਿੰਘ, ਹਰਭਜਨ ਸਿੰਘ, ਸੁਰਿੰਦਰ ਸਿੰਘ, ਮੇਜਰ ਸਿੰਘ, ਬੂਟਾ ਸਿੰਘ,ਤੀਰਥ ਸਿੰਘ, ਪੰਚ ਜਗਦੀਸ਼, ਅਮਰੀਕ ਸਿੰਘ,ਪ੍ਰੀਤਮ ਸਿੰਘ, ਸੰਦੀਪ ਸਿੰਘ, ਰਾਜਵਿੰਦਰ ਸਿੰਘ, ਗੁਰਦੀਪ ਸਿੰਘ, ਅਵਤਾਰ ਸਿੰਘ ਆਦਿ ਹਾਜ਼ਰ ਸਨ।

ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਵਿਖੇ ਨਾਨ-ਬੋਰਡ ਜਮਾਤਾਂ ਦਾ ਨਤੀਜਾ ਐਲਾਨਿਆ

ਫਿਲੌਰ (ਨਿਰਮਲ)

ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ, ਫਿਲੌਰ (ਜਲੰਧਰ) ਵਿਖੇ ਨਾਨ-ਬੋਰਡ ਜਮਾਤਾਂ ਦਾ ਨਤੀਜਾ ਘੋਸ਼ਿਤ ਕੀਤਾ ਗਿਆ।ਜਿਸਨੂੰ ਵੇਖਣ ਲਈ ਬੱਚੇ ਆਪੋ-ਆਪਣੇ ਮਾਪਿਆਂ ਨਾਲ ਹੁੰਮ-ਹੁਮਾ ਕੇ ਪਹੁੰਚੇ।ਪ੍ਰਿੰਸੀਪਲ ਮੈਡਮ ਸ਼੍ਰੀਮਤੀ ਸੁਸ਼ੀਲਾ ਕੁਮਾਰੀ, ਸਕੂਲ ਮੋਨੇਜਮੈਂਟ ਕਮੇਟੀ ਦੇ ਪ੍ਰਧਾਨ ਸ਼੍ਰੀਮਤੀ ਸੁਖਵਿੰਦਰ ਕੌਰ ਤੇ ਮੈਂਬਰਜ ਅਤੇ ਅਧਿਆਪਕਾਂ ਵਲੋਂ ਹਰੇਕ ਕਲਾਸ ਦੇ ਪਹਿਲੇ ਤਿੰਨ-ਤਿੰਨ ਟੌਪਰਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਤੇ ਪ੍ਰਿੰਸੀਪਲ ਮੈਡਮ ਨੇ ਬੱਚਿਆਂ ਨੂੰ ਸੰਬੋਧਨ ਕਰਦੇ ਹੋਏ ਆਉਣ ਵਾਲੇ ਸਮੇਂ ਵਿੱਚ ਚੰਗੀ ਪੜ੍ਹਾਈ ਕਰਕੇ ਸਮਾਜ ਵਿੱਚ ਉੱਚਾ ਰੁਤਬਾ ਪ੍ਰਾਪਤ ਕਰਕੇ ਅਧਿਆਪਕਾਂ ਵਾਂਗ ਸਮਾਜ ਨੂੰ ਚੰਗੀ ਸੇਧ ਪ੍ਰਦਾਨ ਕਰਨ ਲਈ ਪ੍ਰੇਰਿਆ।ਸਕੂਲ ਦੇ ਸਟਾਫ ਮੈਂਬਰਜ ਸ਼੍ਰੀਮਤੀ ਕੁਸਮ ਲਤਾ, ਸ਼੍ਰੀਮਤੀ ਰਜੀਆ, ਸ਼੍ਰੀਮਤੀ ਮਧੂ ਬਾਲਾ, ਮਿਸ ਪੂਨਮ ਨਈਅਰ, ਸ਼੍ਰੀਮਤੀ ਸੁਨੀਤਾ ਥਾਪਰ, ਸ਼੍ਰੀਮਤੀ ਪ੍ਰਵੀਨ, ਸ਼੍ਰੀਮਤੀ ਲਵਲੀ, ਇੰਦਰਜੀਤ ਕੁਮਾਰ,ੀ ਅਮਰਦੀਪ ਜੱਖੂ, ਮਨੋਹਰ ਲਾਲ, ਰਣਵੀਰ ਸਿੰਘ ਪਰਮਾਰ, ਰਵਿੰਦਰ ਫਰਤਿਆਲ ਅਤੇ ਬਾਕੀ ਸਾਰੇ ਸਟਾਫ ਮੈਂਬਰਜ ਸ਼ਾਮਿਲ ਹੋਏ।ਜਮਾਤ ਗਿਆਰ੍ਹਵੀਂ ਦੀਆਂ ਟੌਪਰ ਵਿਦਿਆਰਥਣਾਂ ਮਿਸ ਦੀਆ ਪੁੱਤਰੀ ਰਜਿੰਦਰ ਕੁਮਾਰ, ਮੁਸਕਾਨ ਪੁੱਤਰੀ ਬਲਵਿੰਦਰ ਸੰਧੂ, ਆਦਿਤੀ ਪੁੱਤਰੀ ਕਨ੍ਹਈਆ ਸ਼ਰਮਾ, ਅਮਨਪ੍ਰੀਤ ਪੁੱਤਰੀ ਅਨਿਲ ਕੁਮਾਰ, ਜਮਾਤ ਨੌਵੀਂ ਦੀ ਟੌਪਰ ਕੋਮਲ ਪੁੱਤਰੀ ਰਜਿੰਦਰ ਕੁਮਾਰ, ਜਮਾਤ ਸੱਤਵੀਂ ਦੀ ਟੌਪਰ ਸਾਧਨਾ ਪੁੱਤਰੀ ਰਣਜੀਤ ਕੁਮਾਰ, ਜਮਾਤ ਛੇਵੀਂ ਦੀ ਟੌਪਰ ਦੇਵੀਕਾ ਪੁੱਤਰੀ ਪੀਤਾਂਬਰ ਪਾਂਡੇ ਆਦਿ ਦਾ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।

ਅਸਲਾ ਧਾਰਕ ਜਲਦ ਤੋਂ ਜਲਦ ਅਸਲਾ ਜਮ੍ਹਾਂ ਕਰਵਾਉਣ : ਥਾਣਾ ਮੁਖੀ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)- ਲੋਕ ਸਭਾ ਚੋਣਾਂ ਨੂੰ ਸ਼ਾਂਤੀਪੂਰਵਕ ਢੰਗ ਨਾਲ ਕਰਵਾਉਣ

ਲਈ ਪੁਲਸ ਪ੍ਰਸ਼ਾਸਨ ਪੂਰੀ ਤਰ੍ਹਾਂ ਵਚਨਬੱਧ ਹੈ । ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਥਾਣਾ ਖਾਲੜਾ ਦੇ ਮੁਖੀ ਇੰਸਪੈਕਟਰ ਵਿਨੋਦ ਕੁਮਾਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ । ਉਨ੍ਹਾਂ ਕਿਹਾ ਕਿ ਡਿਪਟੀ ਕਮਿਸ਼ਨਰ ਕਮ-ਜ਼ਿਲ੍ਹਾ ਚੋਣ ਅਫਸਰ ਸੰਦੀਪ ਕੁਮਾਰ, ਜ਼ਿਲ੍ਹਾ ਪੁਲਸ ਮੁਖੀ ਅਸ਼ਵਨੀ ਕਪੂਰ ਤੇ ਸਬ ਡਵੀਜ਼ਨ ਭਿੱਖੀਵਿੰਡ ਦੇ ਡੀ.ਐਸ.ਪੀ ਪ੍ਰੀਤ ਇੰਦਰ ਸਿੰਘ ਦੀਆਂ ਸਖਤ ਹਦਾਇਤਾਂ ਅਨੁਸਾਰ ਥਾਣਾ ਖਾਲੜਾ ਅਧੀਨ ਆਉਂਦੇ ਪਿੰਡਾਂ ਦੇ ਅਸਲਾ ਧਾਰਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਛੇਤੀ ਤੋਂ ਛੇਤੀ ਆਪਣਾ ਅਸਲਾ ਨੇੜਲੇ ਗੰਨ ਹਾਊਸ ਜਾਂ ਥਾਣੇ ਅੰਦਰ ਜਮ੍ਹਾਂ ਕਰਵਾਉਣ । ਉਨ੍ਹਾਂ ਕਿਹਾ ਕਿ ਜੇਕਰ ਅਸਲਾ ਧਾਰਕ ਇਨ੍ਹਾਂ ਹਦਾਇਤਾਂ ਅਨੁਸਾਰ ਆਪਣਾ ਅਸਲਾ ਜਮ੍ਹਾਂ ਨਹੀਂ ਕਰਵਾਉਂਦੇ ਤਾਂ ਚੋਣ ਜ਼ਾਬਤੇ ਦੀ ਉਲੰਘਣਾ ਤਹਿਤ ਅਸਲਾ ਧਾਰਕ 'ਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ਅਤੇ ਪੁਲਸ ਪ੍ਰਸ਼ਾਸਨ ਵੱਲੋਂ ਕਾਰਵਾਈ ਕਰਨ ਉਪਰੰਤ ਅਸਲਾ ਧਾਰਕ ਦੇ ਲਾਇਸੰਸ ਨੂੰ ਕੈਂਸਲ ਕਰਨ ਦੀ ਸਿਫਾਰਸ਼ ਕੀਤੀ ਜਾਵੇਗੀ।

ਪੰਡਤ ਜਗਤ ਰਾਮ ਸਰਕਾਰੀ ਬਹੁ-ਤਕਨੀਕੀ ਕਾਲਜ 'ਚ ਸਾਲਾਨਾ ਖੇਡ ਸਮਾਰੋਹ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)

ਪੰਡਤ ਜਗਤ ਰਾਮ ਸਰਕਾਰੀ ਬਹੁਤਕਨੀਕੀ ਕਾਲਜ, ਹੁਸ਼ਿਆਰਪੁਰ ਵਿਖੇ 55 ਵਾਂ ਸਾਲਾਨਾ ਖੇਡ (ਐਥਲੇਟਿਕਸ) ਸਮਾਰੋਹ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਕਾਲਜ ਦੇ ਸਟਾਫ ਮੈਂਬਰ ਅਤੇ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਇਸ ਮੌਕੇ 'ਤੇ 100, 200, 400, 800, 1500 , 3000, 5000 ਮੀਟਰ ਲੜਕੇ ਅਤੇ ਲੜਕੀਆਂ ਦੀਆਂ ਦੌੜਾਂ, 4 X 100 ਅਤੇ 4 X 400 ਰੀਲੇਅ ਰੇਸ, ਜੈਵਲਿਨ ਥਰੋਅ, ਲੰਬੀ ਛਾਲ, ਤਿੰਨ ਟੰਗੀ ਦੌੜ, ਡਿਸਕਸ ਥਰੋਅ, ਗੋਲਾ ਸੁੱਟਣਾ, ਰੱਸਾਕਸੀ, ਮਿਊਜ਼ਿਕਲ ਚੇਅਰ ਰੇਸ ਆਦਿ ਦੇ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਸਾਰੇ ਖਿਡਾਰੀਆਂ ਨੇ ਵਧੀਆ ਪ੍ਰਦਰਸ਼ਨ ਕੀਤਾ। ਸਮਾਰੋਹ ਦੀ ਸ਼ੁਰੂਆਤ ਮਾਰਚ ਪਾਸਟ ਅਤੇ ਸੌਂਹ ਚੁੱਕ ਕੇ ਕੀਤੀ ਗਈ।ਮੌਕੇ ਕਾਲਜ ਦੇ ਪ੍ਰਿੰਸੀਪਲ ਰਾਜੇਸ਼ ਕੁਮਾਰ ਧੁੰਨਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ । ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਖੇਡਾਂ ਦੀ ਮਹਤੱਤਾ ਬਾਰੇ ਦੱਸਿਆ ਅਤੇ ਅਨੁਸ਼ਾਸ਼ਨ ਵਿੱਚ ਰਹਿ ਕੇ ਖੇਡਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਸਮਾਰੋਹ ਵਿੱਚ ਲੜਕੀਆਂ ਵਿਚੋਂ ਸਿਯਾ, ਡਿਪਲੋਮਾ ਇਨ ਫਾਰਮੇਸੀ ਦੂਜਾ ਸਾਲ ਅਤੇ

ਲੜਕਿਆਂ ਵਿਚੋਂ ਅਜੈ ਤੇਜ਼ੀ ਡਿਪੋਮਾ ਸਿਵਲ ਇੰਜੀਨੀਰਿੰਗ, ਚੌਥਾ ਸਮੈਸਟਰ ਨੂੰ ਬੈਸਟ ਅਥਲੀਟ - 2024 ਐਲਾਨਿਆ ਗਿਆ। ਇਸ ਮੌਕੇ 'ਤੇ ਸ਼੍ਰੀਮਤੀ ਅਰਚਨਾ ਸ਼ਰਮਾ, ਖੁਸਵਖਤ ਸਿੰਘ, ਸੰਜੀਵ ਕੁਮਾਰ, ਸ਼੍ਰੀਮਤੀ ਹਰਪ੍ਰੀਤ ਕੌਰ, ਸਰਵਨ ਸਿੰਘ, ਪ੍ਰਧਾਨ ਐਸ. ਆਰ. ਸੀ, ਸ੍ਰੀਮਤੀ ਜਸਵੰਤ ਕੌਰ, ਪੰਕਜ ਚਾਵਲਾ ਅਤੇ ਸਾਰੇ ਸਟਾਫ਼ ਮੈਂਬਰ ਅਤੇ ਵਿਦਿਆਰਥੀ ਮੌਜੂਦ ਸਨ ।

ਸੁਨਹਿਰੀ ਭਵਿੱਖ ਦੀ ਆਸ ਨਾਲ ਸਕੂਲ ਤੋਂ ਵਿਦਾ ਹੋਏ +2 ਦੇ ਵਿਦਿਆਰਥੀ

ਮਾਹਿਲਪੁਰ (ਸ.ਫ਼ਰੀ)

ਇਲਾਕੇ ਦੀ ਨਾਮਵਰ ਵਿਦਿਅਕ ਸੰਸਥਾ ਦੋਆਬਾ ਪਬਲਿਕ ਸਕੂਲ ਦੋਹਲਰੋਂ (ਮਾਹਿਲਪੁਰ) ਜੋ ਕਿ ਚੇਅਰਪਰਸਨ ਹਰਪ੍ਰੀਤ ਕੌਰ